# ਸਾਂਝੀ ਵਿਰਾਸਤ

ਜਿਲਦ 3 ਅੰਕ 29

2024

1-ਜੇਠ (15-ਮਈ)



**ਸਾਂਝੀ ਵਿਰਾਸਤ (Shared Heritage)**

**ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ**

**ਗੈਰ-ਸਿਆਸੀ ਮਾਸਿਕ ਮੈਗਜ਼ੀਨ**

A monthly Non-political, Not-for-profit (Bilingual) On-line magazine of

**Panjabi Language, Culture, History and Heritage**

Website: **sanjhivirasat.org**

ਵਿਸ਼ਾ ਸੂਚੀ (1-ਜੇਠ / 15-ਮਈ 2024 ਅੰਕ)


| | | | |
|---|---|---|---|
| 1. | ਸੰਪਾਦਕੀ ਨੋਟ | ਮੁਖ ਸੰਪਾਦਕ | 3 |
| 2. | ਵਿਆਖਿਆ ਬਾਰਹ ਮਾਹਾ ਤੁਖਾਰੀ ਮ: 1 | ਪ੍ਰੋਫ਼ੈਸਰ ਸਰਦਾਰ ਮਨਿੰਦਰ ਸਿੰਘ | 4 |
| 3. | ਵਿਆਖਿਆ ਬਾਰਹ ਮਾਹਾ ਮਾਂਝ ਮ: 5 | ਸਰਦਾਰ ਕਰਮਜੀਤ ਸਿੰਘ ਨੂਰ | 5 |
| 4. | ਕਿਰਤ ਦੀ ਅਹਿਮੀਅਤ | ਡਾ. ਸਰਦਾਰ ਗੁਰਸ਼ਰਨ ਸਿੰਘ ਸੋਹਲ | 8 |
| 5. | ਸਿੱਧ ਗੋਸਟਿ ਦਾ ਸਾਰ - ਭਾਗ 5 | ਡਾ. ਸਰਦਾਰ ਸੁਰਜੀਤ ਸਿੰਘ ਭੱਟੀ | 11 |
| 6. | ਬੇਦਾਵਾ-ਕਿੱਥੇ, ਕਦੋਂ ਤੇ ਕਿਨ੍ਹਾਂ ਲਿਖਿਆ? (ਭਾਗ - 2) | ਡਾ. ਸਰਦਾਰ ਕਾਬਲ ਸਿੰਘ ਅਤੇ ਡਾ. ਸਰਦਾਰ ਬਲਦੇਵ ਸਿੰਘ | 13 |
| 7. | ਮਾਂ ਦਿਵਸ ਤੇ ਵਿਸ਼ੇਸ਼ - ਗੀਤ | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | 16 |
| 8. | ਮੇਰਾ ਬਾਪੂ | ਸਰਦਾਰ ਹਰਪ੍ਰੀਤ ਸਿੰਘ ਗਿੱਲ | 17 |
| 9. | ਭਲੇ ਅਮਰਦਾਸ ਗੁਣ ਤੇਰੇ | ਪੋ੍ਫੈਸਰ ਸਰਦਾਰ ਮਨਿੰਦਰ ਸਿੰਘ | 18 |
| 10. | ਸਰਦਾਰ ਹਰੀ ਸਿੰਘ ਨਲਵਾ | ਡਾ. ਸਰਦਾਰ ਰਾਜਾ ਬਲਰਾਜ ਸਿੰਘ | 21 |
| 11. | ਗੁਰਮਤਿ ਤੇ ਜੋਤਿਸ਼ | ਪ੍ਰੋਫ਼ੈਸਰ ਸਰਦਾਰ ਮਨਿੰਦਰ ਸਿੰਘ | 24 |
| 12. | ਦਰਾਵਿੜ ਦਲਿਤ ‘ਸਿੰਘ ਸਜੇ’ | ਪ੍ਰੋ. ਸਰਦਾਰ ਬਲਵਿੰਦਰਪਾਲ ਸਿੰਘ | 26 |
| 13. | ਸਾਨੂੰ ਇਨ੍ਹਾਂ ਤੇ ਮਾਣ ਹੈ | ਸਾਂਝੀ ਵਿਰਾਸਤ | 27 |
| 14. | ਔਰਤਾਂ ਲਈ ਬਿਹਤਰੀਨ ਖਾਣੇ | ਸਰਦਾਰਨੀ ਡਾ. ਹਰਸ਼ਿੰਦਰ ਕੌਰ | 28 |
| 15. | ਵਿਸਾਖੀ ਤੇ ਕਵੀ ਦਰਬਾਰ | ਕੈਲਗਰੀ ਈ-ਦੀਵਾਨ ਸੋਸਾਇਟੀ | 30 |
| 16. | ਭਾਈ ਮਰਦਾਨਾ ਜੀ | ਬੀਬੀ ਰੂਬੀਨਾ ਸਿੰਘ | 33 |
| 17. | ਮਿਥਿਆ ਤਨ ਨਹੀ ਪਰਉਪਕਾਰਾ: ਭਾਗ-1 | ਡਾ. ਸਰਦਾਰ ਬਲਦੇਵ ਸਿੰਘ | 34 |
| 18. | ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ | ਸਾਂਝੀ ਵਿਰਾਸਤ | 37 |
| 19. | ਲੇਖਕਾਂ ਲਈ ਜ਼ਰੂਰੀ ਜਾਣਕਾਰੀ | ਐਡੀਟੋਰੀਅਲ ਬੋਰਡ | 39 |
| 20. | ਐਡੀਟੋਰੀਅਲ ਬੋਰਡ ਅਤੇ ਸਲਾਹਕਾਰ | ਸਾਂਝੀ ਵਿਰਾਸਤ | 40 |

## ਸੰਪਾਦਕੀ ਨੋਟ

(1-ਜੇਠ / 15-ਮਈ 2024 ਅੰਕ)

ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਜੇਠ ਦਾ ਮਹੀਨਾ 15 ਮਈ ਤੋਂ ਸ਼ੁਰੂ ਹੁੰਦਾ ਹੈ। ਸੂਰਜੀ ਅਧਾਰਿਤ **(Tropical)** ਹੋਣ ਕਰ ਕੇ ਇਹ ਪ੍ਰਚਲਿਤ ਅੰਗਰੇਜ਼ੀ **(Gregorian)** ਸਾਲ ਨਾਲ ਰਲਦਾ ਹੈ। ਇਸ ਦਾ ਚੰਦਰਮਾ ਦੇ ਨਾਲ ਕੋਈ ਸੰਬੰਧ ਨਹੀਂ। ਇਸ ਵਿਚ ਸਾਰੇ ਸਿੱਖ ਗੁਰਪੁਰਬਾਂ ਅਤੇ ਤਿਉਹਾਰਾਂ ਦੀਆਂ ਤਾਰੀਖਾਂ ਰੁੱਤਾਂ ਅਨੁਸਾਰ ਨਿਸਚਿਤ ਹੁੰਦੀਆਂ ਹਨ ਅਤੇ ਕਦੀ ਵੀ ਬਦਲਦੀਆਂ ਨਹੀਂ।

ਦੋ ਮਈ ਨੂੰ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਦਾ ਪ੍ਰਕਾਸ਼ ਪੁਰਬ ਹੈ। ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਪ੍ਰਕਾਸ਼ ਪੁਰਬ 9 ਜੇਠ (23 ਮਈ) ਨੂੰ ਹੈ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦਾ 28 ਜੇਠ ਨੂੰ ਗੁਰਗੱਦੀ ਦਿਵਸ ਹੈ। ਸਿੱਖ ਇਤਿਹਾਸ ਵਿਚ ਸਦਾ ਯਾਦ ਰਖਿੱਆ ਜਾਣ ਵਾਲਾ ਦੁਖਦਾਈ "ਛੋਟਾ ਘੱਲੂਘਾਰਾ" 3 ਜੇਠ (17 ਮਈ) 1746 ਨੂੰ ਵਾਪਰਿਆ ਸੀ।

8 ਮਈ ਨੂੰ "ਅੰਤਰ-ਰਾਸ਼ਟਰੀ ਮਾਂ-ਦਿਵਸ" **(International Mothers' Day)** ਹੈ। ਅਮਰੀਕਾ ਵਿੱਚ 1908 ਤੋਂ ਸਨਮਾਨ ਵਜੋਂ ਇਸ ਦਿਨ ਨੂੰ ਮਨਾਇਆ ਜਾ ਰਿਹਾ ਹੈ। ਸਨ 1914 ਤੋਂ ਕਈ ਜਗ੍ਹਾ ਮਈ ਦੇ ਦੂਜੇ ਐਤਵਾਰ ਨੂੰ ਛੁੱਟੀ ਹੁੰਦੀ ਹੈ। ਇਸ ਨੂੰ ਭੈਣ-ਭਰਾਵਾਂ ਦਾ ਦਿਨ ਦੇ ਤੌਰ ਤੇ ਵੀ ਮਨਾਇਆ ਜਾਂਦਾ ਹੈ।

**1 ਮਈ** ਨੂੰ ਦੁਨੀਆਂ ਭਰ ਵਿਚ ਮਜ਼ਦੂਰ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਹ ਉਨ੍ਹਾਂ ਦੇ ਕੰਮ ਦੀਆਂ ਸਥਿਤੀਆਂ ਵਿੱਚ ਸੁਧਾਰ ਕਰਨ ਦੇ ਉਹਨਾਂ ਦੇ ਅਧਿਕਾਰ ਲਈ ਵੀ ਹੈ।

**3 ਮਈ** ਪ੍ਰੈੱਸ ਦੀ ਆਜ਼ਾਦੀ **(Freedom of Press)** ਲਈ ਮਨਾਇਆ ਜਾਂਦਾ ਹੈ।

**12 ਮਈ** **Florence Nightingale** ਦਾ ਜਨਮ ਦਿਨ ਹੈ। ਇਸ ਦਿਨ ਨੂੰ **International Nurses Day** ਦੇ ਤੌਰ ਤੇ ਮਨਾਇਆ ਜਾਂਦਾ ਹੈ।

ਹਰ ਸਾਲ **WHO** ਵਲੋਂ 31 ਮਈ ਨੂੰ ਤੰਬਾਕੂ ਵਿਰੁੱਧ ਦਿਨ ਮਨਾਇਆ ਜਾਂਦਾ ਹੈ। ਦੁਨੀਆ ਭਰ ਵਿੱਚ ਹਰ ਸਾਲ ਲਗਭਗ 3.5 ਮਿਲੀਅਨ ਹੈਕਟੇਅਰ ਜ਼ਮੀਨ ਤੰਬਾਕੂ ਉਗਾਉਣ ਲਈ ਬਦਲੀ ਜਾਂਦੀ ਹੈ। ਇਸ ਲਈ 200,000 ਹੈਕਟੇਅਰ ਜੰਗਲਾਂ ਦੀ ਕਟਾਈ ਹੁੰਦੀ ਹੈ। ਇਸ ਦੀ ਖੇਤੀ ਲਈ ਕੀਟਨਾਸ਼ਕਾਂ ਦੀ ਬਹੁਤ ਲੋੜ ਹੁੰਦੀ ਹੈ ਜਿਸ ਨਾਲ ਜ਼ਮੀਨ ਵਿੱਚ ਹੋਰ ਫਸਲਾਂ ਉਗਾਉਣ ਦੀ ਸਮਰੱਥਾ ਘਟਦੀ ਹੈ। ਹਰ ਸਾਲ 8 ਮਿਲੀਅਨ ਲੋਕ ਇਸ ਕਰਕੇ ਮਰ ਰਹੇ ਹਨ।

**ਮੁਖ ਸੰਪਾਦਕ, ਸਾਂਝੀ ਵਿਰਾਸਤ**
**sanjhivirasat.org**
(sanjhivirasat13@gmail.com)
Phone / WhatsApp : +1-8257126056

## ਜੇਠ ਮਹੀਨੇ ਦਾ ਪਾਠ ਅਤੇ ਉਸ ਦੀ ਵਿਆਖਿਆ

### ਬਾਰਹ ਮਾਹਾ ਤੁਖਾਰੀ ਛੰਤ ਮਹਲਾ 1

### ੴ ਸਤਿਗੁਰ ਪ੍ਰਸਾਦਿ

ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ ॥ ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ॥ ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ॥ ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ॥ ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ॥ ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ ॥੭॥ {ਪੰਨਾ 1108}

### ਵਿਆਖਿਆ

ਜੇਠ ਦੇ ਮਹੀਨੇ ਗਰਮੀ ਦੇ ਮੌਸਮ ਦਾ ਆਰੰਭ ਹੁੰਦਾ ਹੈ। ਧਰਤੀ ਭੱਠ ਵਾਂਗ ਤੱਪਣ ਲਗਦੀ ਹੈ ਜੇਠ ਰੂਪੀ ਮਨੁੱਖੀ ਜੀਵਨ ਵਿਚ ਵੀ ਵਿਕਾਰਾਂ ਦੀ ਅੱਗ ਭੜਕ ਉਠਦੀ ਹੈ। ਇਹ ਅਵੱਸਥਾ ਪ੍ਰੀਤਮ ਵਾਹਿਗੁਰੂ ਨੂੰ ਵਿਸਰ ਜਾਣ ਨਾਲ ਵਿਆਪਦੀ ਹੈ। ਕਾਮਾਦਿਕ ਵਿਕਾਰਾਂ ਦੀ ਸਤਾਈ ਜੀਵ ਇਸਤ੍ਰੀ ਆਪਣੇ ਪ੍ਰਭੂ ਪ੍ਰੀਤਮ ਪਾਸ ਅਰਦਾਸਾਂ ਕਰਦੀ ਹੈ। ਉਸਨੂੰ ਸਮਝ ਪੈਂਦੀ ਹੈ ਕਿ ਪ੍ਰਭੂ ਦੇ ਗੁਣ ਗ੍ਰਹਿਣ ਕਰਨ ਨਾਲ ਹੀ ਇਹ ਉਸਨੂੰ ਚੰਗੀ ਲਗੇਗੀ।

ਉਹ ਨਿਰਾਲਾ ਪ੍ਰੀਤਮ ਤਾਂ ਸਦਾ ਸਥਿਰ ਅਵੱਸਥਾ ਵਿਚ ਰਹਿੰਦਾ ਹੈ। ਉਸ ਦੀ ਆਗਿਆ ਬਿਨਾ ਜੀਵ ਇਸਤ੍ਰੀ ਉਸ ਪਾਸ ਕਿਵੇਂ ਜਾ ਸਕਦੀ ਹੈ ? ਆਪਣੇ ਪ੍ਰਭੂ ਤੋਂ ਬਿਨਾ ਜੀਵ ਇਸਤ੍ਰੀ ਨਿਢਾਲ ਤੇ ਕਮਜ਼ੋਰ ਹੈ, ਤੇ ਪ੍ਰਭੂ ਦੇ ਮਹਿਲ ਵਿਚ ਮੇਲ ਦੀ ਅਵੱਸਥਾ ਦਾ ਸੁਖ ਨਹੀਂ ਮਾਣ ਸਕਦੀ। ਪ੍ਰੰਤੂ ਜੇਠ ਰੂਪੀ ਜੀਵਨ ਵਿਚ ਜੇ ਜੀਵ ਇਸਤ੍ਰੀ ਪ੍ਰਭੂ ਦੀ ਪਛਾਣ ਪਾ ਲੈਂਦੀ ਹੈ ਤਾਂ ਉਸਦੀ ਬਖਸ਼ਿਸ਼ ਨਾਲ ਉਸ ਵਿਚ ਇਕ ਰੂਪ ਹੋ ਜਾਂਦੀ ਹੈ ।



ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ
ਐਡਮਿੰਟਨ (ਕੈਨੇਡਾ)

## ਬਾਰਹ ਮਾਹਾ ਮਾਝ ਮਹਲਾ ੫ ਘਰੁ ੪
## ਜੇਠ ਮਹੀਨੇ ਦਾ ਪਾਠ ਅਤੇ ਉਸ ਦੀ ਵਿਆਖਿਆ

ੴ ਸਤਿਗੁਰ ਪ੍ਰਸਾਦਿ॥

ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥
ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥
ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥
ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥

ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥

ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ ॥
ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥
ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥

ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ

ਮਥੰਨਿ ॥੪॥

ਭਾਵ ਅਰਥ :

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ
ਜਲੰਧਰ (ਭਾਰਤ)

ਜੇਠ ਦੇ ਮਹੀਨੇ ਨੂੰ ਆਧਾਰ ਬਣਾ ਕੇ ਪੰਚਮ ਪਾਤਸ਼ਾਹ ਉਪਦੇਸ਼ ਬਖਸ਼ਿਸ਼ ਕਰ ਰਹੇ ਹਨ ਕਿ ਸਾਨੂੰ ਉਸ ਪ੍ਰਭੂ ਪ੍ਰਮਾਤਮਾ ਨਾਲ ਜੁੜਨਾ ਚਾਹੀਦਾ ਹੈ ਜਿਸ ਦੇ ਅੱਗੇ ਸਾਰੇ ਜੀਵ ਝੁਕਦੇ ਹਨ। ਜਿਸ ਦਾ ਦਾਮਨ ਫੜਨ ਨਾਲ ਜ਼ਿੰਦਗੀ ਵਿਚ ਕੋਈ ਰੁਕਾਵਟ ਨਹੀਂ ਪੈਂਦੀ। ਦੁਨੀਆਂ ਦੀ ਹਰ ਦੌਲਤ ਚੋਰੀ ਹੋ ਸਕਦੀ ਹੈ ਪਰ ਪ੍ਰਭੂ ਦੇ ਨਾਮ ਦਾ ਧਨ ਐਸਾ ਹੈ ਜਿਸ ਨੂੰ ਕੋਈ ਚੁਰਾ ਨਹੀਂ ਸਕਦਾ।

ਉਸ ਦੇ ਸਾਰੇ ਹੀ ਕੌਤਕ ਮਨ ਨੂੰ ਭਉਣ ਵਾਲੇ ਹਨ। ਜੋ ਉਹ ਚਾਹੁੰਦਾ ਹੈ ਆਪਣੇ ਜੀਵਾਂ  ਕੋਲੋਂ ਓਹੀ ਕੁਝ ਕਰਵਾ ਲੈਂਦਾ ਹੈ। ਉਹ ਜੀਵ ਧੰਨ ਹਨ ਜਿਨ੍ਹਾਂ ਨੂੰ ਕਿਰਪਾ ਕਰਕੇ ਪ੍ਰਮਾਤਮਾ ਅਪਣੇ ਨਾਲ ਮਿਲਾ ਲੈਂਦਾ ਹੈ। ਅਤੇ ਉਸ ਦੇ ਸੰਗ ਦਾ ਆਨੰਦ ਵੀ ਉਹ ਹੀ ਮਾਣਦੇ ਹਨ। ਚੰਗੇ ਭਾਗਾਂ ਨਾਲ਼ ਜਿਨ੍ਹਾਂ ਜੀਵਾਂ ਨੂੰ ਉਸ  ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ ਉਨ੍ਹਾਂ ਲਈ ਜੇਠ ਦਾ ਮਹੀਨਾ ਵੀ ਸੁਹਾਵਣਾ ਬਣ ਜਾਂਦਾ ਹੈ।

### ਬਾਰਹ ਮਾਹਾ ਮਾਝ ਮਹਲਾ 5 ਵਿੱਚੋਂ ਜੇਠ ਮਹੀਨੇ ਦੇ ਪਾਠ ਦੀ

### ਕਾਵਿਕ ਵਿਆਖਿਆ

ਜੇਠ ਵਿੱਚ ਉਸ ਹਰੀ ਨਾਲ ਜੁੜੀਏ,
ਜਿਸ ਅੱਗੇ ਨੇ ਝੁਕਦੇ ਸਾਰੇ।
ਜਿਸ ਸੱਜਣ ਦਾ ਦਾਮਨ ਫੜਿਆਂ, ਜੱਗ ਦੇ ਬੰਧਨ ਮੁਕਦੇ ਸਾਰੇ।
ਨਾਮੁ ਪ੍ਰਭੂ ਦਾ ਮਾਣਿਕ ਮੋਤੀ, ਜਿਸ ਨੂੰ ਨਾ ਕੋਈ ਚੋਰ ਚੁਰਾਵੇ।
ਰੰਗ ਬਿਰੰਗੇ ਕੌਤਕ ਉਸ ਦੇ, ਜੋ ਸਭਨਾਂ ਦੇ ਮਨ ਨੂੰ ਭਾਵੇ।
ਜੋ ਉਹ ਚਾਹੁੰਦੈ ਓਹੀ ਕਰਦੈ, ਓਹੀ ਕੁੱਝ ਕਰਵਾਉਂਦਾ ਰਹਿੰਦੈ।
ਅਪਣਾ ਜਿਨੂੰ  ਬਣਾ ਲੈਦਾ ਹੈ, ਧੰਨ ਓਸ ਨੂੰ ਹਰ ਕੋਈ ਕਹਿੰਦੈ।
ਆਪਣੇ ਆਪ ਜੇ ਮਿਲਦਾ ਹੋਵੇ, ਵਿਛੜ ਕੇ ਕਿਉਂ ਰੋਵਣ ਸਾਰੇ।
ਗੁਰੂ ਮਿਲਾਵੇ ਤਾਂ ਉਹ ਮਿਲਦੈ, ਫੇਰ ਆਨੰਦਿਤ ਹੋਵਣ ਸਾਰੇ।
ਉਸ ਨੂੰ ਜੇਠ ਸੁਹਾਣਾ ਲੱਗਦੈ, ਕੰਵਲ ਜਿਹਦੇ ਭਾਗਾਂ ਦਾ ਖਿਲਦੈ।
ਜਿਸ ਦੇ ਭਾਗ ਮੱਥੇ ਦੇ ਚੰਗੇ, ਪ੍ਰਭੂ ਪਤੀ ਓਸੇ ਨੂੰ ਮਿਲਦੈ।



ਇੰਜੀਨੀਅਰ ਸਰਦਾਰ
ਕਰਮਜੀਤ ਸਿੰਘ ਨੂਰ, ਜਲੰਧਰ
(ਭਾਰਤ)
9815023970

ਗੁਰੂ ਨਾਨਕ ਦੇਵ ਜੀ ਰਚਿਤ ਬਾਰਹ ਮਾਹਾ ਤੁਖਾਰੀ ਵਿੱਚੋਂ
ਜੇਠ ਮਹੀਨੇ ਦੇ ਪਾਠ ਦੀ ਕਾਵਿਕ ਵਿਆਖਿਆ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ, ਜਲੰਧਰ

ਜੇਠ ਦਾ ਮਹੀਨਾ ਭਾਉਂਦਾ ਓਸ ਜੀਵ ਇਸਤਰੀ ਨੂੰ,
ਪ੍ਰੀਤਮ ਨੂੰ ਜਿਹੜੀ ਨਹੀਂ ਵਿਸਾਰਦੀ।
ਥਲਾਂ ਵਾਂਗ ਤਨ ਪਿਆ ਤਪਦਾ ਵਿਕਾਰਾਂ ਵਿੱਚ,
ਪਈ ਜੀਵ ਆਤਮਾ ਪੁਕਾਰਦੀ।

ਕਰੇ ਅਰਜੋਈ ਗੁਣ ਗਾ ਗਾ ਕੇ ਓਸ ਦੇ,
ਮੈਂ ਆਪਣੇ ਪਿਆਰੇ ਦਾ ਪਿਆਰ ਲਾਂ।
ਜਿਨ੍ਹਾਂ ਗੁਣਾਂ ਕਰਕੇ ਪਿਆਰੀ ਲੱਗਾਂ ਪ੍ਰਭੂ ਨੂੰ ਮੈਂ,
ਉਹੀ ਗੁਣ ਹਿਰਦੇ 'ਚ ਧਾਰ ਲਾਂ।

ਮਾਇਆ ਤੋਂ ਅਲੇਪ, ਪੱਕੇ ਮਹਿਲ ਵਿੱਚ ਰਹਿਣ ਵਾਲੇ ਪ੍ਰਭੂ,
ਮੈਂ ਜੇ ਕਿਤੇ ਤੈਨੂੰ ਭਾ ਜਵਾਂ ।
ਆਗਿਆ ਜੇ ਦੇ ਦਵੇਂ ਤੂੰ ਮੈਨੂੰ ਉੱਥੇ ਆਉਣ ਦੀ ਤਾਂ,
ਮੈਂ ਵੀ ਤੇਰੇ ਮਹਿਲ ਵਿੱਚ ਆ ਜਵਾਂ।

ਤੇਰੇ ਬਿਨਾ ਜਿੰਦ ਇਹ ਨਿਮਾਣੀ ਤੇ ਨਿਤਾਣੀ,
ਤੇਰੇ ਮਹਿਲਾਂ ਦਾ ਆਨੰਦ ਕਿਵੇਂ ਪਾ ਲਵੇ।
ਉਹਦੀ ਮੇਹਰ  ਨਾਲ ਇੱਕ ਰੂਪ ਹੋ ਜਾਏ ਜੇਠ 'ਚ ਵੀ,
ਨਾਨਕ ਜੋ ਉਹਦੇ ਗੁਣ ਗਾ ਲਵੇ॥

## ਕਿਰਤ ਦੀ ਅਹਿਮੀਅਤ, ਮਨ ਦੀ ਇਕਾਗਰਤਾ ਤੇ ਉੱਨਤ ਆਰਥਿਕਤਾ; ਆਪਸੀ ਸੰਬੰਧ



ਡਾ. ਸਰਦਾਰ ਗੁਰਸ਼ਰਨ ਸਿੰਘ ਸੋਹਲ, ਅਮ੍ਰਿਤਸਰ (ਭਾਰਤ)

ਗੁਰੂ ਨਾਨਕ ਦੇਵ ਜੀ ਦੁਆਰਾ ਸਮੁੱਚੀ ਮਾਨਵਤਾ ਨੂੰ ਦਿੱਤੇ ਗਏ ਤਿੰਨ ਉਪਦੇਸ਼ ਜਿਨਾਂ ਵਿੱਚ "ਕਿਰਤ ਕਰੋ", "ਨਾਮ ਜਪੋ" ਅਤੇ "ਵੰਡ ਛਕੋ" ਸ਼ਾਮਲ ਹਨ, ਇਨਸਾਨੀ ਜਿੰਦਗੀ ਦੇ ਨਾਲ ਨਾਲ ਇੱਕ ਵੈਲਫੇਅਰ ਸਟੇਟ ਦੀ ਕਾਮਯਾਬੀ ਦਾ ਅਧਾਰ ਵੀ ਹਨ। ਇਨ੍ਹਾਂ ਉਪਦੇਸ਼ਾਂ ਰਾਹੀਂ ਗੁਰੂ ਸਾਹਿਬ ਨੇ ਮਨੁੱਖੀ ਜੀਵਨ ਦੇ ਅਧਿਆਤਮਿਕ ਅਤੇ ਵਿਵਹਾਰਿਕ ਪੱਖਾਂ, ਦ੍ਰਿਸ਼ਟਮਾਨ ਅਤੇ ਅਦ੍ਰਿਸ਼ਟ ਜਗਤ, ਸੁਚੇਤ ਅਤੇ ਅਚੇਤ ਮਨ ਵਿੱਚ ਇੱਕ ਕੜੀ ਬਣਾਈ ਹੈ। ਇੱਕ ਗੱਲ ਸਾਹਮਣੇ ਆਉਂਦੀ ਹੈ ਕਿ ਇਨ੍ਹਾਂ ਦੀ ਬਕਾਇਦਾ ਤਰਤੀਬ ਹੈ। ਜੇਕਰ ਇਸ ਤਰਤੀਬ ਨੂੰ ਉਲਟਾਅ ਦਿੱਤਾ ਜਾਵੇ (ਜਿਵੇਂ ਕਈ ਜਗ੍ਹਾ ਬੋਲਿਆ, ਲਿਖਿਆ ਜਾਂ ਪੜ੍ਹਿਆ ਜਾਂਦਾ ਹੈ), ਤਾਂ ਇਸ ਸਿਧਾਂਤ ਦੀ ਭਾਵਨਾ ਨੂੰ ਠੇਸ ਪਹੁੰਚਦੀ ਹੈ। ਇਸ ਲਈ ਜੇ "ਕਿਰਤ" ਦਾ ਪਹਿਲਾ ਸਥਾਨ ਹੈ ਤਾਂ ਉਸ ਦੇ ਪਹਿਲੇ ਸਥਾਨ ਦੀ ਹੀ ਅਹਿਮੀਅਤ ਹੈ। ਜੇ ਕੋਈ "ਕਿਰਤ" ਜਾਂ ਆਪਣੇ ਹੱਥੀਂ ਕੰਮ ਕਰ ਕੇ ਉਪਜੀਵਕਾ ਨਹੀਂ ਕਮਾਉਂਦਾ ਤਾਂ ਉਸਦਾ ਦੂਜੇ ਉਪਦੇਸ਼ ਅਨੁਸਾਰ "ਨਾਮ ਜਪਣਾ" ਵਿਅਰਥ ਹੋ ਜਾਏਗਾ। ਉਹ ਤੀਜੇ ਉਪਦੇਸ਼ ਤੱਕ ਤਾਂ ਪੁੱਜ ਹੀ ਨਹੀਂ ਸਕਦਾ।

"**ਕਿਰਤ**" ਨੂੰ ਪਹਿਲਾਂ ਰੱਖਿਆ ਗਿਆ ਹੈ ਕਿਉਂਕਿ ਕਿਰਤ ਨਾਲ ਹੀ ਬਾਕੀ ਕਾਰਜ ਰਾਸ ਹੋਣੇ ਹਨ। ਇਹ ਆਰਥਿਕ ਖੁਸ਼ਹਾਲੀ ਦਾ ਸੰਦੇਸ਼ ਦਿੰਦੀ ਹੈ। ਗਹੁ ਨਾਲ ਵਾਚੋ ਤਾਂ ਪਤਾ ਚਲਦਾ ਹੈ ਕਿ ਜਿਹੜੇ ਦੇਸ਼ ਵਿੱਚ 'ਕਿਰਤ' ਦੀ ਕਦਰ ਹੈ ਉੱਥੇ ਹੀ ਖ਼ੁਸ਼ਹਾਲੀ ਹੈ। ਬਿਨਾ ਕਿਰਤ ਦੇ ਖੁਸ਼ਹਾਲੀ ਦਾ ਕੋਈ ਚਮਤਕਾਰ ਨਹੀਂ ਹੁੰਦਾ। ਜਪਾਨ ਵਰਗੇ ਛੋਟੇ ਜਿਹੇ ਦੇਸ਼ ਨੇ ਆਪਣੀ ਕਿਰਤ ਦੇ ਆਸਰੇ ਪੂਰੀ ਦੁਨੀਆ 'ਚ ਆਪਣੀ ਧਾਕ ਜਮਾਈ ਹੈ। ਕੋਈ ਕਿੰਨਾ ਵੀ ਅਮੀਰ ਹੋਵੇ ਜਾਂ ਉਸਨੂੰ ਜਾਇਦਾਦ ਪ੍ਰਾਪਤ ਹੋਈ ਹੋਵੇ ਪਰ ਜੇ ਉਹ ਕੋਈ ਕੰਮ ਨਹੀਂ ਕਰਦਾ ਤਾਂ ਗੁਰੂ ਸਾਹਿਬ ਦੀ ਨਿਗਾਹ ਵਿੱਚ 'ਨਿਕੰਮਾ' ਹੀ ਹੈ। ਕਿਰਤ ਦਾ ਸੰਬੰਧ ਵਿਅਕਤੀ ਦੀ ਤੰਦਰੁਸਤੀ ਨਾਲ ਵੀ ਹੈ। ਕਿਰਤ ਕਰਨ ਵਾਲਾ ਜਾਂ ਹੱਥੀਂ ਆਪਣੀ ਉਪਜੀਵਕਾ ਕਮਾਉਣ ਵਾਲਾ ਹਮੇਸ਼ਾ ਤੰਦਰੁਸਤ ਅਤੇ ਅਰੋਗ ਜੀਵਨ ਬਤੀਤ ਕਰਦਾ ਹੈ। ਮਨੋਵਿਗਿਆਨਕ ਪੱਖੋਂ ਕਿਰਤੀ ਆਪਣੀ ਕਿਰਤ ਦੀ ਪੈਦਾਵਾਰ ਪ੍ਰਤੀ ਸ਼ਰਧਾਵਾਨ ਅਤੇ ਜੁਮੇਵਾਰ ਰਹਿੰਦਾ ਹੈ। ਹੱਥੀਂ ਸਿਰਜੀ ਚੀਜ ਮਨੁੱਖ ਨੂੰ ਜਿਆਦਾ ਪਿਆਰੀ ਲੱਗਦੀ ਹੈ। ਉਹ ਕਿਰਤ ਦੀ ਲੁੱਟ ਤੋਂ ਦੂਰ ਹੀ ਰਹਿੰਦਾ ਹੈ। ਕਿਰਤ ਦੁਆਰਾ ਹੀ ਵਿਅਕਤੀ ਸਮਾਜ ਅਤੇ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾ ਸਕਦਾ ਹੈ। ਲਗਾਤਾਰ ਕਿਰਤ ਕਰਦਿਆਂ ਹੀ 'ਭੁੱਖ', 'ਗਰੀਬੀ' ਅਤੇ 'ਮੰਦਹਾਲੀ' ਜਿਹੀਆਂ ਬੀਮਾਰੀਆਂ ਨੂੰ ਕਿਸੇ ਦੇਸ਼ ਜਾਂ ਸਮਾਜ ਵਿਚੋਂ ਦੂਰ ਕੀਤਾ ਜਾ ਸਕਦਾ ਹੈ।

**ਨਾਮ ਜਪਣ** ਦਾ ਸੰਬੰਧ 'ਵਿਚਾਰ ਕਰਨ' ਅਤੇ 'ਮਨ ਦੀ ਇਕਾਗਰਤਾ' ਨਾਲ ਹੈ। ਗੁਰੂ ਸਾਹਿਬ ਦੇ ਆਪਣੇ ਬੋਲਾਂ ("ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ") ਅਨੁਸਾਰ ਕੁਦਰਤ ਦੀ ਵਿਸ਼ਾਲਤਾ ਅਤੇ ਵਡਿਆਈ ਬਾਰੇ ਵਿਚਾਰ ਕਰਿਆਂ ਵਿਅਕਤੀ ਦੇ ਅੰਦਰ ਵਿਸ਼ਾਲਤਾ ਪੈਦਾ ਹੋਏਗੀ। ਗਿਆਨ ਦੀ ਤਾਂਘ ਜਾਗੇਗੀ ਤੇ ਉਹ ਕੁਦਰਤ ਦੇ ਡੂੰਘੇ ਰਹੱਸਾਂ ਦੇ ਗਿਆਨ ਦੀ ਪ੍ਰਾਪਤੀ ਕਰੇਗਾ। ਗੁਰੂ ਸਾਹਿਬ ਦੇ ਵੇਲੇ ਬਾਬਰ ਦੇ ਹਮਲੇ 'ਕਿਰਤ ਦੀ ਲੁੱਟ' ਦੇ ਸਪੱਸ਼ਟ ਉਦਾਹਰਣ ਹਨ।

ਮਲਿਕ ਭਾਗੋ ਵਰਗਿਆਂ ਦਾ ਜੀਵਨ ਵੀ ਇਸੇ ਕੜੀ ਦਾ ਹਿੱਸਾ ਹਨ। ਗੁਰੂ ਸਾਹਿਬ ਭਾਈ ਲਾਲੋ ਦੀ ਕਿਰਤ ਦੀ ਵਡਿਆਈ ਤਾਂ ਕਰਦੇ ਹੀ ਹਨ, ਨਾਲ ਹੀ ਉਸਨੂੰ ਉਸ ਕਿਰਤ ਦੀ ਪੈਦਾਵਾਰ ਦੀ ਸੁਚੱਜੀ ਵਰਤੋਂ ਅਤੇ ਸੰਭਾਲ ਲਈ ਵੀ ਦਸਦੇ ਹਨ। ਜਾਗਰੂਕਤਾ ਰਾਹੀਂ ਵਿਅਕਤੀ ਆਪਣੇ ਮਨ ਦੀ ਇਕਾਗਰਤਾ ਨਾਲ ਆਪਣੇ ਆਲੇ ਦੁਆਲੇ ਪ੍ਰਤੀ ਸਤਰਕ ਤੇ ਸੁੱਚੇਤ ਹੋ ਸਕਦਾ ਹੈ । ਭਾਈ ਲਾਲੋ ਨੂੰ ਇੱਕ ਆਮ ਕਿਰਤੀ ਅਤੇ ਗੁਰੂ ਨਾਨਕ ਸਾਹਿਬ ਨੂੰ ਇੱਕ ਜਾਗੀ ਹੋਈ ਤੇ ਦਾਰਸ਼ਨਿਕ ਹਸਤੀ ਮੰਨ ਕੇ ਇਸ ਪ੍ਰਸੰਗ ਦੇ ਵਿੱਚ ਕੋਈ ਗੱਲ ਕਹਿਣਾ ਚਾਹੀਏ ਤਾਂ ਉਹ ਕਹਿੰਦੇ ਹਨ: ਭਾਈ ਲਾਲੋ ਤੂੰ ਕਿਰਤ ਕਰਦਾ ਹੈਂ ਇਹ ਬਹੁਤ ਚੰਗੀ ਗੱਲ ਹੈ ਪਰ ਕਿਰਤ ਦੇ ਨਾਲ ਨਾਲ ਤੈਨੂੰ ਜਾਗਰੂਕ ਹੋਣਾ ਚਾਹੀਦਾ ਹੈ ਤੇ ਦੇਖਣਾ ਚਾਹੀਦਾ ਹੈ ਕਿ ਤੇਰੀ ਗਾੜ੍ਹੇ ਪਸੀਨੇ ਦੀ ਕਮਾਈ ਦੀ ਪੈਦਾਵਾਰ ਕੋਈ ਮਲਕ ਭਾਗੋ ਲੁੱਟ ਤਾਂ ਨਹੀਂ ਰਿਹਾ। ਇਸ ਲਈ ਤੈਨੂੰ ਆਪਣੇ ਮਨ ਨੂੰ ਇਕਾਗਰ ਅਤੇ ਮਜ਼ਬੂਤ ਕਰਨਾ ਹੋਵੇਗਾ। ਮਨ ਦੀ ਮਜ਼ਬੂਤੀ ਨਾਲ ਹੀ ਕਿਸੇ ਵੀ ਵਿਗੜ ਰਹੀ ਸਥਿਤੀ ਨੂੰ ਮੋੜਿਆ ਜਾ ਸਕਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਸਧਾਰਣ ਮਨੁੱਖ ਦੀ ਮਾਨਸਿਕਤਾ ਨੂੰ ਉੱਪਰ ਚੁੱਕ ਕੇ ਜੰਗਜੂ ਯੋਧੇ ਤਿਆਰ ਕੀਤੇ ਜੋ ਆਪਣੇ ਹੱਕਾਂ ਲਈ ਹਜ਼ਾਰਾਂ ਦੇ ਭਾਰੀ ਹੋ ਗਏ। ਗੁਰੂ ਨਾਨਕ ਸਾਹਿਬ ਵੀ ਆਪਣੇ ਬੋਲਾਂ ("ਮਨਿ ਜੀਤੈ ਜਗੁ ਜੀਤੁ") ਅਨੁਸਾਰ ਭਾਈ ਲਾਲੋ ਦੀ ਮਾਨਸਿਕਤਾ ਨੂੰ ਮਜਬੂਤ ਕਰਨ ਅਤੇ ਪ੍ਰਸਥਿਤੀਆਂ ਅਨੁਸਾਰ ਹੋਰ ਉੱਚਾ ਚੁੱਕਣਾ ਚਾਹੁੰਦੇ ਸਨ। ਇਸ ਲਈ ਗੁਰੂ ਸਾਹਿਬ ਨੇ ਭਾਈ ਲਾਲੋ ਨੂੰ ਉਪਦੇਸ਼ "ਨਾਮ ਜਪਣ" ਦਾ ਦਿੱਤਾ। ਇਕਾਗਰ ਹੋਏ ਮਨ ਦੁਆਰਾ ਹੀ ਵਿਗਿਆਨ ਦੀਆਂ ਕਾਢਾਂ ਸੰਭਵ ਹੋ ਸਕੀਆਂ ਹਨ। ਮਨ ਦੀ ਇਕਾਗਰਤਾ ਲਈ ਗੁਰੂ ਸਾਹਿਬ ਨੇ 'ਸ਼ਬਦ ਅਤੇ 'ਰਾਗ' ਦਾ ਰਸਤਾ ਚੁਣਿਆ। ਉਨ੍ਹਾਂ ਦੇ ਸਾਰੇ ਕਥਨ ਕਾਵਿਕ ਰੂਪ ਵਿੱਚ ਅਤੇ ਰਾਗਾਂ ਵਿੱਚ ਪ੍ਰੋਏ ਹੋਏ ਹਨ। 'ਰਾਗ' ਮਨ ਦੀ ਇਕਾਗਰਤਾ ਅਤੇ 'ਮਨ ਦੀ ਪਕੜ' ਵਧਾਉਂਦਾ ਹੈ । ਇਸਲਾਮ ਵਿੱਚ ਰਾਗ ਦੀ ਮਨਾਹੀ ਹੈ ਪਰ ਉਹ ਇੱਕ ਈਸ਼ਵਰਵਾਦ ਦੇ ਸਿਧਾਂਤ ਦਾ ਹਾਮੀ ਹੈ। ਗੁਰੂ ਸਾਹਿਬ ਨੇ ਵੀ ਇੱਕ ਪ੍ਰਮਾਤਮਾ ਦੀ ਅਰਾਧਨਾ ਹੀ ਪ੍ਰਚਾਰੀ ਹੈ। ਅਸਲ ਵਿੱਚ ਇੱਕ ਈਸ਼ਵਰਵਾਦ ਤਾਂ ਬਹੁ-ਦੇਵਵਾਦ ਦੇ ਟਾਕਰੇ ਤੋਂ ਉਪਜੀ ਇੱਕ ਨਰੋਈ ਧਾਰਨਾ ਹੈ ਜੋ ਮਨੁੱਖ ਜਾਤੀ ਲਈ ਮਨੋਵਿਗਿਆਨਕ ਏਕਤਾ ਦਾ ਰਾਹ ਪੱਧਰਾ ਕਰਦੀ ਹੈ। ਹਜ਼ਰਤ ਮੂਸਾ ਦੁਆਰਾ ਪ੍ਰਾਚੀਨ ਮਿਸਰ ਦੇ ਭੰਬਲਭੂਸੇ ਵਾਲੇ ਬਹੁ-ਦੇਵਵਾਦ ਦੇ ਚੁੰਗਲ 'ਚ ਫਸੀ ਸਮਕਾਲੀ ਮਾਨਸਿਕਤਾ ਨੂੰ 'ਇੱਕ' ਦੀ ਵਿਚਾਰਧਾਰਾ ਵੱਲ ਤੋਰਿਆ। ਬਾਅਦ ਵਿੱਚ ਯਹੂਦੀਆਂ ਨੇ ਇਸੇ ਧਾਰਨਾ ਨੂੰ ਬਕਾਇਦਗੀ ਨਾਲ ਅਪਨਾਉਂਦਿਆਂ ਆਪਣੀ ਮਾਨਸਿਕਤਾ ਅਤੇ ਸਮਝ ਨੂੰ ਉੱਨਤ ਕੀਤਾ। ਇਸੇ ਦਾ ਨਤੀਜਾ ਹੈ ਕਿ ਸਭ ਤੋਂ ਵੱਧ ਬੁੱਧੀਮਾਨ ਅਤੇ ਨੋਬਲ ਪੁਰਸਕਾਰ ਜਿੱਤਣ ਵਾਲੀ ਕੌਮ ਯਹੂਦੀ ਹੈ।

ਜੇ ਅੱਜ ਵੀ ਧਰਮ ਦੇ ਨਾਂ ਤੇ ਵੱਢ-ਟੁੱਕ ਹੁੰਦੀ ਹੈ ਤਾਂ ਉਹ ਮਨੁੱਖ ਦੀਆਂ ਪਿਛਲੀਆਂ ਪੀੜ੍ਹੀਆਂ 'ਚ ਪਨਪੇ ਬਹੁ-ਦੇਵਵਾਦ ਕਰਕੇ ਹੈ। ਉਸੇ ਮਾਨਸਿਕਤਾ ਦੀ ਰਹਿੰਦ-ਖੂੰਹਦ ਮਨੁੱਖੀ ਰਵਈਏ 'ਚ ਮਿਲ ਜਾਂਦੀ ਹੈ। ਜੇ ਇੱਕ ਈਸ਼ਵਰਵਾਦ ਦੀ ਭਾਵਨਾ ਨੂੰ ਸਮਝ ਲਿਆ ਜਾਵੇ ਤਾਂ ਇਹ ਮਨੁੱਖੀ ਜਾਤੀ ਲਈ ਸ਼ਾਂਤੀ ਤੇ ਸਮਰਿਧੀ ਦੀ ਵਾਹਕ ਬਣ ਸਕਦੀ ਹੈ। ਇਹ ਏਕਤਾ ਅਤੇ ਭਾਈਚਾਰੇ ਵਾਲਾ ਵਾਤਾਵਰਣ ਸਿਰਜਣ ਦੇ ਸਮਰੱਥ ਹੈ। ਗੁਰੂ ਸਾਹਿਬ ਨੇ ਵਿਅਕਤੀ ਨੂੰ ਜਗਾ ਕੇ ਸਮਾਜਿਕ ਜਾਗ੍ਰਿਤੀ ਪੈਦਾ ਕਰਨ ਵਾਸਤੇ ਸ਼ਬਦ ਅਤੇ ਰਾਗ ਦਾ ਆਸਰਾ ਲਿਆ ਹੈ। ਸਿੱਖ ਧਰਮ ਵਿੱਚ ਕਿਵੇਂ ਬਹੁਤ ਸਾਰੇ ਮਹਾਂਬਲੀ ਪੈਦਾ ਹੋਏ ਜਿਨ੍ਹਾਂ ਨੇ ਹਾਲਾਤ ਨੂੰ ਬਦਲਿਆ, ਵਿਸ਼ੇਸ਼ ਪ੍ਰਾਪਤੀਆਂ ਕੀਤੀਆਂ, ਨਤੀਜੇ ਸਭ ਦੇ ਸਾਹਮਣੇ ਹੀ ਹਨ। ਗੁਰੂ ਸਾਹਿਬ "ਜਪੁਜੀ" ਬਾਣੀ ਵਿਚ ਵਿਅਕਤੀ ਨੂੰ ਪ੍ਰਮਾਤਮਾ ਦੀ ਤਰ੍ਹਾਂ ਦਾ ਹੋਣਾ ਦਸਦੇ ਹਨ। ਇਸ ਨਾਲ ਵਿਅਕਤੀ ਅੰਦਰ ਵੀ "ਨਿਰਭਉ" ਅਤੇ "ਨਿਰਵੈਰ" ਵਰਗੇ ਗੁਣ ਉਤਪੰਨ ਹੋਣਗੇ। ਜਿਸ ਦੀ ਵੀ ਤੁਸੀਂ ਸੰਗਤ ਕਰਦੇ ਹੋ ਜਾਂ ਜਿਸ ਤਰ੍ਹਾਂ ਤੁਸੀਂ ਸੋਚਦੇ ਹੋ ਉਹੋਂ ਹੋ ਜਾਂਦੇ ਹੋ। ਮਹਾਤਮਾ ਬੁੱਧ ਆਪਣੀ ਘਾਲਣਾ ਨਾਲ ਇਹ ਸਾਬਤ ਕਰ ਚੁੱਕੇ ਸਨ।

**ਵੰਡ ਛਕਣ** ਦਾ ਉਪਦੇਸ਼ ਅਜੋਕੀ ਆਰਥਿਕਤਾ ਦਾ ਆਧਾਰ ਹੈ। ਜੇ ਸਾਰੇ ਵਿਅਕਤੀ ਆਪਣੇ ਟੈਕਸ ਇਮਾਨਦਾਰੀ ਨਾਲ ਅਦਾ ਕਰਣ ਤਾਂ ਇੱਕ ਵੈਲਫੇਅਰ ਸਟੇਟ ਬਣੇਗਾ। ਵਿਕਾਸ ਸਭ ਦੀਆਂ ਜਰੂਰੀ ਲੋੜਾਂ ਦੀ ਪੂਰਤੀ ਨਾਲ ਜੁੜਿਆ ਹੈ। ਵਿਅਕਤੀ ਸਮਾਜ ਲਈ ਯੋਗਦਾਨ ਪਾ ਸਕਦਾ ਹੈ।'ਵੰਡ ਛਕਣਾਂ' ਸਿਰਫ਼ ਲੰਗਰ ਲਗਾਉਣਾ ਜਾਂ ਖਾਣਾ ਸ਼ੇਅਰ ਕਰਨਾ ਹੀ ਨਹੀਂ ਹੈ।

ਵਿਅਕਤੀ ਕਿਰਤ ਕਰੇ ਅਤੇ ਫਿਰ ਨਾਮ ਧਿਆਏ ਤਾਂ ਉਸ ਵਿੱਚ "ਵੰਡ ਛਕਣ' ਦੀ ਭਾਵਨਾ ਪੈਦਾ ਹੋਵੇਗੀ। ਇਨ੍ਹਾਂ ਤਿੰਨਾਂ ਉਪਦੇਸ਼ਾਂ ਦਾ ਆਪਸ ਵਿਚ ਗਹਿਰਾ ਸੰਬੰਧ ਹੈ। ਕਿਸੇ ਇੱਕ ਦੀ ਵੀ ਅਣਹੋਂਦ ਦੂਜੇ ਉਪਦੇਸ਼ਾਂ ਤੋਂ ਸਾਰਥਿਕ ਨਤੀਜਿਆਂ ਦੀ ਪ੍ਰਾਪਤੀ 'ਚ ਰੋੜਾ ਬਣਦੀ ਹੈ। ਵਿਕਸਤ ਦੇਸ਼ਾਂ ਵਿਚ ਕਿਰਤ ਨਾਲ ਹੀ ਤਰੱਕੀ ਹੋਈ ਹੈ। ਉੱਥੇ ਟੈਕਸ ਉਗਰਾਉਣ ਲਈ ਸਖ਼ਤ ਕਾਨੂੰਨ ਬਣਾਉਣੇ ਪਏ। ਸੁੱਖ ਸੁਵਿਧਾਵਾਂ ਬਹੁਤ ਵਧੀਆਂ ਪਰ ਫਿਰ ਵੀ ਉਹ ਲੋਕ ਅੰਦਰੂਨੀ ਇਕੱਲਤਾ ਤੋਂ ਪ੍ਰੇਸ਼ਾਨ ਹਨ। ਅਮਰੀਕਾ ਵਿੱਚ ਹੋਏ ਸਰਵੇਖਣ ਦਰਸਾਉਂਦੇ ਹਨ ਕਿ ਓਥੇ ਹਰ ਤੀਜਾ ਵਿਅਕਤੀ ਡਿਪਰੈਸ਼ਨ ਦਾ ਸ਼ਿਕਾਰ ਹੈ। ਵਜ੍ਹਾ ਉਹਨਾ ਕੋਲ ਮਨ ਦੀ ਸ਼ਾਂਤੀ ਦਾ ਨਾ ਹੋਣਾ ਹੈ। ਉਹ 'ਨਾਮ' ਤੋਂ ਅਨਜਾਨ ਹਨ ਅਤੇ 'ਵੰਡ ਛਕਣਾ' ਉਹ ਜਾਣਦੇ ਹੀ ਨਹੀਂ।

ਲੋਕਾਂ ਦਾ ਧਰਮ ਪੱਖੋਂ ਤਾਜਾ ਰੁਝਾਨ ਇਹ ਹੈ ਕਿ ਕਿਰਤੀ ਕਿਰਤ ਤਾਂ ਕਰ ਰਿਹਾ ਹੈ ਪਰ ਆਪਣੀ ਜਾਗਰੂਕਤਾ ਦੀ ਘਾਟ ਕਾਰਨ ਲੁੱਟਿਆ ਤੇ ਕੁੱਟਿਆ ਜਾ ਰਿਹਾ ਹੈ। ਕਿਰਤੀ ਦੀ ਹਾਲਤ ਬਦ ਤੋਂ ਬਦਤਰ ਹੋਈ ਜਾ ਰਹੀ ਹੈ। ਧਰਮ ਤੇ ਵਿਵਹਾਰ ਨੂੰ ਲੈ ਕੇ ਭੰਬਲਭੂਸਾ ਜਾਰੀ ਹੈ। ਕਿਰਤ ਤੇ ਉਪਜ ਦੀ ਸਾਂਵੀ ਵੰਡ ਦੇ ਬਗੈਰ ਇਕੱਲਾ 'ਨਾਮ ਜਪਣ' ਹੀ ਦ੍ਰਿੜ ਕਰਵਾਇਆ ਜਾਂਦਾ ਹੈ। ਗੁਰੂ ਸਾਹਿਬ ਨੇ ਕਿਹਾ ਹੈ ਕਿ,"ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ"। ਜੇ ਗੁਰੂ ਨਾਨਕ ਸਾਹਿਬ ਦੇ ਇਨ੍ਹਾਂ ਤਿੰਨਾਂ ਉਪਦੇਸ਼ਾਂ ਨੂੰ ਅਪਣਾ ਲਿਆ ਜਾਵੇ ਤਾਂ ਇੱਕ ਵਿਅਕਤੀ ਦੀ ਜ਼ਿੰਦਗੀ ਤਾਂ ਕਾਮਯਾਬ ਹੁੰਦੀ ਹੀ ਹੈ, ਨਾਲ ਦੀ ਨਾਲ ਕਿਸੇ ਵੀ ਰਾਸ਼ਟਰ ਨੂੰ ਵਧੇਰੇ ਕਾਮਯਾਬੀ ਵੱਲ ਵਧਾਇਆ ਜਾ ਸਕਦਾ ਹੈ

# ਸਿੱਧ ਗੋਸਟਿ ਦਾ ਸਾਰ (ਭਾਗ – 5)

(ਡਾ.) ਸਰਦਾਰ ਸੁਰਜੀਤ ਸਿੰਘ ਭੱਟੀ, ਕੈਲਗਰੀ (ਕੈਨੇਡਾ)

ਇਸ ਲੜੀ ਦੇ ਪਿਛਲੇ ਭਾਗ ਜਨਵਰੀ ਤੋਂ ਅਪਰੈਲ 2024 ਦੇ ਅੰਕਾਂ ਵਿਚ ਪੜ੍ਹ ਸਕਦੇ ਹੋ ਜੀ

ਸਿੱਧਾਂ ਦਾ ਇਹ ਵਿਸ਼ਵਾਸ ਸੀ ਕਿ ਸਿੱਧੀਆਂ ਨਾਲ ਮੁਕਤੀ ਹੋ ਸਕਦੀ ਹੈ। ਗੁਰੂ ਨਾਨਕ ਸਾਹਿਬ ਨੇ ਸਿੱਧਾਂ ਨੂੰ ਕਿਹਾ ਕਿ ਸੰਸਾਰ ਵਿੱਚ ਈਮਾਨਦਾਰੀ ਨਾਲ ਕਮਾਈ ਕਰ ਕੇ, ਲੋੜਵੰਦਾਂ ਦੀ ਮਦਦ ਕਰ ਕੇ ਅਤੇ ਪ੍ਰਮਾਤਮਾ ਨੂੰ ਹਰ ਵੇਲੇ ਯਾਦ ਰਖਿੱਆਂ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਪਵਿੱਤਰਤਾ ਅਤੇ ਮੁਕਤੀ ਸੱਚੇ ਸ਼ਬਦ ਦੇ ਬਗ਼ੈਰ ਨਹੀਂ ਮਿਲਦੇ। ਹੋਰ ਸਭ ਭਟਕਣਾਂ ਹਨ। ਸਿੱਧਾਂ ਦੇ ਪੁਛੇ ਗਏ ਕੁਝ ਪ੍ਰਸ਼ਨ ਅਤੇ ਗੁਰੂ ਸਾਹਿਬ ਵਲੋਂ ਦਿੱਤੇ ਉਤੱਰ ਅੱਗੇ ਇਸ ਲੜੀ ਵਿਚ ਦਿੱਤੇ ਹਨ।

ਗੁਰੂ ਸਾਹਿਬ ਨੇ ਸਿੱਧਾਂ ਨੂੰ ਕਿਹਾ ਕਿ ਭਾਵੇਂ ਪਰਮਾਤਮਾ ਅਦ੍ਰਿਸ਼ਟ ਹੈ; ਪਰ ਮੈਂ ਜਿੱਥੇ ਵੀ ਵੇਖਦਾ ਹਾਂ, ਉੱਥੇ ਮੈਂ ਉਸੇ ਨੂੰ ਵੇਖਦਾ ਹਾਂ। ਸਿਰਫ ਉਸੇ ਕੋਲ ਹੀ ਸਾਰੇ ਗੁਣ ਹਨ। ਜਦੋਂ ਉਹ ਆਪਣੀ ਮਿਹਰ ਕਰਦਾ ਹੈ, ਤਾਂ ਸ਼ਬਦ ਹਿਰਦੇ ਅੰਦਰ ਟਿਕਦਾ ਹੈ ਅਤੇ ਸੰਦੇਹ ਦੂਰ ਹੋ ਜਾਂਦਾ ਹੈ। ਉਸ ਦੀ ਬਾਣੀ ਦੇ ਪਵਿੱਤ੍ਰ ਸ਼ਬਦ ਦੁਆਰਾ ਸਰੀਰ ਅਤੇ ਮਨ ਪਵਿੱਤ੍ਰ ਹੁੰਦੇ ਹਨ। ਉਸ ਦਾ ਨਾਮ ਆਪਣੇ ਚਿੱਤ ਵਿੱਚ ਟਿਕਾਈ ਰੱਖੋ। ਸ਼ਬਦ ਗੁਰੂ ਹੈ, ਜੋ ਸਾਨੂੰ ਭਿਆਨਕ ਸੰਸਾਰ-ਸਮੁੰਦਰ ਤੋਂ ਪਾਰ ਉਤਾਰਦਾ ਹੈ। ਸਭ ਜਗ੍ਹਾ ਕੇਵਲ ਇਕ ਪ੍ਰਭੂ ਨੂੰ ਹੀ ਜਾਣੋ। ਉਸ ਦਾ ਕੋਈ ਰੂਪ ਜਾਂ ਰੰਗ, ਪਰਛਾਵਾਂ ਜਾਂ ਭਰਮ ਨਹੀਂ ਹੈ; ਸ਼ਬਦ ਹੀ ਸੋਝੀ ਦਿੰਦਾ ਹੈ। ਗੁਰਮੁਖ ਅਸਲੀ ਤੱਤ ਨੂੰ ਬੋਲਦਾ ਅਤੇ ਅਦ੍ਰਿਸ਼ਟ, ਬੇਅੰਤ ਪ੍ਰਭੂ ਨੂੰ ਅਨੁਭਵ ਕਰਦਾ ਹੈ। ਤਿੰਨਾਂ ਔਗੁਣਾਂ ਨੂੰ ਮਿਟਾ ਕੇ ਗੁਰੂ ਦੇ 'ਸ਼ਬਦ' ਤੋਂ ਹੰਕਾਰ ਦੂਰ ਹੋ ਜਾਂਦਾ ਹੈ।

ਅੰਦਰੋਂ ਬਾਹਰੋਂ ਉਹ ਇਕ ਪ੍ਰਭੂ ਨੂੰ ਹੀ ਜਾਣਦਾ ਹੈ; ਉਸ ਦਾ ਪ੍ਰਭੂ ਦੇ ਨਾਮ ਨਾਲ ਪਿਆਰ ਹੈ। ਉਹ ਸੁਸ਼ਮਨਾ, ਇੜਾ ਅਤੇ ਪਿੰਗਲਾ ਨੂੰ ਸਮਝਦਾ ਹੈ। ਸੱਚਾ ਸੁਆਮੀ ਇਹਨਾਂ ਤਿੰਨ ਊਰਜਾਵਾਂ ਤੋਂ ਉੱਪਰ ਹੈ। ਸੱਚੇ ਗੁਰਾਂ ਦੇ ਉਪਦੇਸ਼ ਦੁਆਰਾ, ਉਸ ਨਾਲ ਅਭੇਦ ਹੋਈਦਾ ਹੈ।

**ਪ੍ਰਸ਼ਨ** : ਹਵਾ ਨੂੰ ਮਨ ਦੀ ਆਤਮਾ ਕਿਉਂ ਕਿਹਾ ਜਾਂਦਾ ਹੈ ? ਅਧਿਆਤਮਿਕ ਗੁਰੂ ਅਤੇ ਇਕਾਂਤਕ ਸੰਨਿਆਸੀ ਦੇ ਤਰੀਕੇ ਕੀ ਹਨ? ਸਿੱਧ ਦਾ ਕਿੱਤਾ ਕੀ ਹੈ?

**ਉਤੱਰ** : ਵਾਯੂ ਵਿਚ ਪੂਰਨ ਪ੍ਰਭੂ ਦਾ ਨਿਵਾਸ ਹੈ ਪਰ ਉਸ ਦੇ ਆਪਣੇ ਕੋਈ ਗੁਣ ਨਹੀਂ ਹਨ। ਸ਼ਬਦ ਦੇ ਬਾਝੋਂ ਸੰਸਾਰ ਦਾ ਸਾਰ ਸਮਝ ਨਹੀਂ ਆਉਂਦਾ ਅਤੇ ਹੰਕਾਰ ਦੀ ਪਿਆਸ ਨਹੀਂ ਜਾਂਦੀ। ਸ਼ਬਦ ਨਾਲ ਰੰਗ ਕੇ ਮਨੁੱਖ ਅੰਮ੍ਰਿਤ ਪਾ ਲੈਂਦਾ ਹੈ ਅਤੇ ਸੱਚੇ ਨਾਮ ਨਾਲ ਟਿਕ ਜਾਂਦਾ ਹੈ।

**ਪ੍ਰਸ਼ਨ** : ਉਹ ਕਿਹੜੀ ਸਿਆਣਪ ਹੈ, ਜਿਸ ਨਾਲ ਮਨੁੱਖ ਅਡੋਲ ਅਤੇ ਸਥਿਰ ਰਹਿੰਦਾ ਹੈ ? ਕਿਹੜਾ ਭੋਜਨ ਸੰਤੁਸ਼ਟੀ ਲਿਆਉਂਦਾ ਹੈ?"

**ਉਤੱਰ** : ਜਦੋਂ ਮਨੁੱਖ ਸੱਚੇ ਗੁਰਾਂ ਦੇ ਗਿਆਨ ਰਾਹੀਂ ਦੁੱਖ ਅਤੇ ਖੁਸ਼ੀ ਨੂੰ ਇੱਕੋ ਜਿਹਾ ਵੇਖਦਾ ਹੈ, ਤਾਂ ਉਸ ਨੂੰ ਮੌਤ ਨਹੀਂ ਸਹੇੜਦੀ।

ਗੁਰੂ ਦੇ ਉਪਦੇਸ਼ ਤੋਂ ਬਿਨਾ ਪ੍ਰਭੂ ਦੇ ਪ੍ਰੇਮ ਨਾਲ ਰੰਗਿਆ ਨਹੀਂ ਜਾਂਦਾ, ਨਾ ਹੀ ਉਸ ਦੇ ਸੂਖਮ ਤੱਤ ਦੀ ਸਮਝ ਆਉਂਦੀ ਹੈ। ਉਹ ਨਿਰਾਸ਼ ਹੋ ਜਾਂਦਾ ਹੈ ਅਤੇ ਆਪਣੀ ਹੀ ਅੰਦਰਲੀ ਅੱਗ ਦੁਆਰਾ ਭਸਮ ਹੋ ਜਾਂਦਾ ਹੈ। ਉਹ ਆਪਣੇ ਸਰੀਰ ਦੀ ਸ਼ਕਤੀ ਨੂੰ ਨਹੀਂ ਸੰਭਾਲਦਾ ਅਤੇ ਸ਼ਬਦ ਦਾ ਉਚਾਰਨ ਨਹੀਂ ਕਰਦਾ। ਉਹ ਆਪਣੇ ਸਾਹ 'ਤੇ ਕਾਬੂ ਨਹੀਂ ਰੱਖਦਾ; ਉਹ ਸੱਚੇ ਸੁਆਮੀ ਦੀ ਉਪਾਸਨਾ ਨਹੀਂ ਕਰਦਾ। ਜਿਹੜਾ ਵਿਅਕਤੀ ਗੁਰੂ ਦੇ ਸ਼ਬਦ ਦੀ ਪਾਲਣਾ ਕਰਦਾ ਹੈ, ਅਤੇ ਮਨ ਨੂੰ ਸੰਤੁਲਿਤ ਰੱਖੰਦਾ ਹੈ ਉਹ ਪਰਮਾਤਮਾ ਪ੍ਰਭੂ ਨੂੰ ਪਾ ਲੈਂਦਾ ਹੈ।

ਗੁਰਾਂ ਦੀ ਦਇਆ ਦੁਆਰਾ, ਮਨੁੱਖ ਪ੍ਰਭੂ ਦੇ ਪ੍ਰੇਮ ਨਾਲ ਰੰਗਿਆ ਜਾਂਦਾ ਹੈ। ਨਾਮ-ਅੰਮ੍ਰਿਤ ਨੂੰ ਪਾਨ ਕਰਕੇ, ਉਹ ਸੱਚ ਨਾਲ ਮਸਤ ਰਹਿੰਦਾ ਹੈ। ਗੁਰਾਂ ਦਾ ਚਿੰਤਨ ਕਰਨ ਦੁਆਰਾ ਅੰਦਰ ਦੀ ਅੱਗ ਬੁਝ ਜਾਂਦੀ ਹੈ। ਸ਼ਬਦ ਰੂਪੀ ਅੰਮ੍ਰਿਤ ਨੂੰ ਪਾਨ ਕਰਨ ਦੁਆਰਾ, ਆਤਮਾ ਸ਼ਾਂਤੀ ਵਿੱਚ ਟਿਕ ਜਾਂਦੀ ਹੈ। ਸੱਚੇ ਸੁਆਮੀ ਦੀ ਅਰਾਧਨਾ ਕਰਨ ਦੁਆਰਾ, ਗੁਰਮੁਖ ਜੀਵਨ ਦੀ ਨਦੀ ਤੋਂ ਪਾਰ ਲੰਘ ਜਾਂਦਾ ਹੈ। ਗੁਰੂ ਨਾਨਕ ਕਹਿੰਦੇ ਹਨ ਕਿ ਡੂੰਘੇ ਵਿਚਾਰ ਕਰਨ ਤੋਂ ਬਾਅਦ, ਇਹ ਸਮਝ ਆਉਂਦੀ ਹੈ।

**ਪ੍ਰਸ਼ਨ** : ਇਸ ਹਾਥੀ ਜਿਹੇ ਸ਼ਕਤੀਸ਼ਾਲੀ ਮਨੁੱਖੀ ਮਨ ਦਾ ਟਿਕਾਣਾ ਕਿੱਥੇ ਹੈ? ਮਨੁੱਖੀ ਸਾਹ ਕਿੱਥੇ ਟਿਕਿਆ ਹੁੰਦਾ ਹੈ ? ਸੱਚੇ 'ਸ਼ਬਦ' ਨੂੰ ਕਿੱਥੇ ਲਭਿੱਆ ਜਾਣਾ ਚਾਹੀਦਾ ਹੈ, ਤਾਂ ਜੋ ਮਨ ਦੀ ਭਟਕਣਾ ਮੁੱਕ ਜਾਵੇ ?

**ਉਤੱਰ** : ਜਦੋਂ ਪ੍ਰਭੂ ਕਿਸੇ ਇਨਸਾਨ ਉਤੇ ਮਿਹਰ ਦੀ ਨਿਗਾਹ ਕਰਦਾ ਹੈ ਤਾਂ ਉਹ ਉਸ ਨੂੰ ਸੱਚੇ ਗੁਰਾਂ ਦੇ ਸੱਚੇ ਸ਼ਬਦ ਦਾ ਗਿਆਨ ਦਿੰਦਾ ਹੈ। ਤਦ ਉਸ ਦਾ ਇਹ ਬੇਕਾਬੂ ਅਤੇ ਭਟਕਦਾ ਮਨ ਆਪਣੇ ਘਰ ਅੰਦਰ ਹੀ ਜਾ ਵੱਸਦਾ ਹੈ ਅਤੇ ਵੱਸ ਵਿਚ ਰਹਿੰਦਾ ਹੈ। ਜਦੋਂ ਕੋਈ ਬੰਦਾ ਆਪਣੇ ਹੰਕਾਰ ਨੂੰ ਖਤਮ ਕਰ ਲੈਂਦਾ ਹੈ, ਤਾਂ ਉਹ ਪਵਿੱਤ੍ਰ ਹੋ ਜਾਂਦਾ ਹੈ, ਅਤੇ ਉਸ ਦਾ ਭਟਕਦਾ ਹੋਇਆ ਬਲਵਾਨ ਮਨ ਟਿਕਾਅ ਦੀ ਅਵਸਥਾ ਵਿਚ ਆ ਕੇ ਸ਼ਾਂਤ ਹੋ ਜਾਂਦਾ ਹੈ।

**ਪ੍ਰਸ਼ਨ** : ਸਾਰੇ ਗਿਆਨ ਦੀ ਜੜ੍ਹ ਕੀ ਹੈ ਅਤੇ ਇਹ ਜੜ੍ਹ ਸਭ ਦਾ ਸੋਮਾ ਕਿਵੇਂ ਹੋ ਸਕਦੀ ਹੈ ? ਮਨੁੱਖੀ ਆਤਮਾ ਆਪਣੇ ਆਪ ਨੂੰ ਕਿਵੇਂ ਜਾਣ ਸਕਦੀ ਹੈ ? ਸੂਰਜ ਚੰਦਰਮਾ ਦੇ ਘਰ ਵਿੱਚ ਕਿਵੇਂ ਪ੍ਰਵੇਸ਼ ਕਰ ਸਕਦਾ ਹੈ ?"

**ਉਤੱਰ** : ਗੁਰਮੁਖ ਵਿਅਕਤੀ ਜਦ ਆਪਣੇ ਅੰਦਰੋਂ ਹੰਕਾਰ ਦੂਰ ਕਰ ਦਿੰਦਾ ਹੈ; ਤਦ ਸੂਰਜੀ (ਪ੍ਰਕਾਸ਼ ਵਰਗਾ) ਗਿਆਨ ਕੁਦਰਤੀ ਤੌਰ ਤੇ ਚੰਦਰਮਾ ਦੇ ਘਰ (ਮਨੁੱਖੀ ਮਨ) ਵਿੱਚ ਪ੍ਰਵੇਸ਼ ਕਰਦਾ ਹੈ। ਜਦੋਂ ਮਨ ਅਡੋਲ ਅਤੇ ਸਥਿਰ ਹੋ ਜਾਵੇ ਤਾਂ, ਇਹ ਹਿਰਦੇ ਵਿੱਚ ਟਿਕ ਜਾਂਦਾ ਹੈ, ਅਤੇ ਗੁਰਮੁਖ ਨੂੰ ਜੜ੍ਹ, ਸੱਚ ਦੇ ਸੋਮੇ ਦਾ ਅਨੁਭਵ ਹੁੰਦਾ ਹੈ। ਸੁਆਸ ਨਾਭੀ ਦੇ ਘਰ ਵਿਚ ਬੈਠਾ ਹੈ; ਗੁਰਮੁਖ ਖੋਜਦਾ ਹੈ, ਅਤੇ ਅਸਲੀਅਤ ਦੇ ਤੱਤ ਨੂੰ ਪਾ ਲੈਂਦਾ ਹੈ। ਸ਼ਬਦ ਆਪਣੇ ਘਰ (ਮਨ) ਅੰਦਰ ਡੂੰਘੇ ਵਿਚਾਰਾਂ ਅੰਦਰ ਵੜਦਾ ਹੈ; ਇਸ ਦਾ ਪ੍ਰਕਾਸ਼ ਅੰਦਰ ਵਿਆਪਕ ਹੋ ਜਾਂਦਾ ਹੈ।

# ਬੇਦਾਵਾ ਕਿੱਥੇ, ਕਦੋਂ ਤੇ ਕਿਨ੍ਹਾਂ ਲਿਖਿਆ: ਭਾਗ – 2
## ਆਨੰਦਪੁਰ ਸਾਹਿਬ ਦੇ ਬੇਦਾਵੇ ਬਾਰੇ ਵਿਚਾਰ

ਡਾ. ਸਰਦਾਰ ਕਾਬਲ ਸਿੰਘ, ਡਾ. ਸਰਦਾਰ ਬਲਦੇਵ ਸਿੰਘ, ਐਡਮਿੰਟਨ (ਕੈਨੇਡਾ)

ਆਨੰਦਪੁਰ ਸਾਹਿਬ ਦੇ ਬੇਦਾਵੇ ਬਾਰੇ ਉਠਾਏ ਜਾਂਦੇ ਕੁਝ ਸਵਾਲ:

1. ਕੀ ਗੁਰੂ ਵਾਸਤੇ ਜਾਨ ਤਲੀ ਤੇ ਰਖਣ ਵਾਲੇ ਸਿੰਘ ਸੂਰਮੇ ਐਨੇ ਹੀ ਨਿਤਾਣੇ ਤੇ ਗਏ-ਗੁਜ਼ਰੇ ਹੋ ਗਏ ਸਨ ਜੋ ਭੁੱਖ ਹੱਥੋਂ ਹਾਰ ਕੇ ਗੁਰੂ ਜੀ ਤੋਂ ਬੇਮੁੱਖ ਹੋ ਗਏ?

2. ਆਨੰਦਪੁਰ ਸਾਹਿਬ ਦੇ ਕਿਲੇ ਨੂੰ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਨੇ ਚੌਂਪਾਸੀਂ ਘੇਰ ਰੱਖਿਆ ਸੀ, ਤਾਂ ਫਿਰ ਬੇਦਾਵੇ ਵਾਲੇ ਸਿੰਘ ਕਿਵੇਂ ਬਚ ਕੇ ਨਿਕਲ ਗਏ?

3. ਬੇਦਾਵੇ ਨੂੰ ਗੁਰੂ ਜੀ ਨੇ ਐਨਾ ਚਿਰ ਕਿਵੇਂ ਤੇ ਕਿਉਂ ਸੰਭਾਲ ਕੇ ਰੱਖਿਆ ਹੋਵੇਗਾ?

ਕੀ ਉਹ ਗੁਰੂ ਜੀ ਲਈ ਇਨ੍ਹਾਂ ਹੀ ਖ਼ਾਸ ਦਸਤਾਵੇਜ਼ ਸੀ? ਸਰਸਾ ਨਦੀ ਤੇ ਹੋਈਆਂ ਝੜਪਾਂ ਦੌਰਾਨ ਕੀ ਉਹ ਕਾਗਜ਼ ਦਾ ਟੁਕੜਾ ਪਾਣੀ ਨਾਲ ਗਲਿਆ ਨਹੀਂ? ਜਾਂ ਫਿਰ ਇਹ ਮੰਨ ਲਈਏ ਕਿ ਗੁਰੂ ਸਾਹਿਬ ਨੇ ਉਸ ਕਾਗਜ਼ ਨੂੰ ਆਪਣੀ ਦਸਤਾਰ ਵਿਚ ਸਾਂਭ ਰੱਖਿਆ ਸੀ? ਕੀ ਇਹ ਮੰਨਣ ਵਾਲੀ ਗੱਲ ਲਗਦੀ ਹੈ ਕਿ ਉਹ ਕਥਿਤ ਬੇਦਾਵੇ ਵਾਲੇ ਸਿੱਖਾਂ ਨੂੰ ਭਵਿਖ ਵਿੱਚ ਸ਼ਰਮਿੰਦਾ ਕਰਨ ਜਾਂ ਮਿਹਣਾ ਮਾਰਨ ਲਈ ਇਸ ਬੇਦਾਵੇ ਨੂੰ ਸਦਾ ਆਪਣੇ ਨਾਲ ਰੱਖਦੇ ਸਨ? ਗੁਰੂ ਤਾਂ ਕਦੇ ਵੀ ਭੁੱਲਾਂ ਨੂੰ ਨਹੀਂ ਚਿਤਾਉਂਦਾ ਤੇ ਸਦਾ ਬਖਸ਼ਨਹਾਰ ਹੈ।

ਚਮਕੌਰ ਸਾਹਿਬ ਦੀ ਜੰਗ ਮਗਰੋਂ ਮਾਛੀਵਾੜੇ ਵਿਚ 'ਨੀਲਾ ਬਾਣਾ' ਪਹਿਨਣ ਲੱਗਿਆਂ ਉਸ ਕਾਗਜ਼ ਦੇ ਟੁਕੜੇ ਦਾ ਜ਼ਿਕਰ ਇਤਿਹਾਸ ਵਿਚ ਜ਼ਰੂਰ ਹੋਣਾ ਚਾਹੀਦਾ ਸੀ। ਗੁਰੂ ਸਾਹਿਬ ਨੇ ਅਜਿਹੇ ਔਖੇ ਸਮੇਂ ਬੇਦਾਵਾ ਕਿਵੇਂ ਸੰਭਾਲ ਕੇ ਰੱਖਿਆ, ਇਸ ਬਾਰੇ ਕੋਈ ਨਿਰਣਾ ਲੈਣਾ ਅਸੰਭਵ ਹੈ।

4. ਆਨੰਦਪੁਰ ਸਾਹਿਬ ਵਿਖੇ ਬੇਦਾਵਾ ਲਿਖਣ ਵਾਲੇ ਕਿਸੇ ਇਕ ਵੀ ਸਿੱਖ ਦਾ ਨਾਂ ਇਤਿਹਾਸ ਵਿਚ ਨਹੀਂ ਮਿਲਦਾ। ਸਿਰਫ ਭਾਈ ਮਹਾਂ ਸਿੰਘ ਦਾ ਨਾਂ ਹੀ ਆਉਂਦਾ ਹੈ ਜਿਸ ਨੇ ਖਿਦਰਾਣੇ ਦੀ ਢਾਬ ਤੇ ਗੁਰੂ ਸਾਹਿਬ ਨੂੰ ਬੇਦਾਵਾ ਪਾੜਨ ਦੀ ਬੇਨਤੀ ਕੀਤੀ ਸੀ।

ਇਤਿਹਾਸਕਾਰਾਂ ਵਲੋਂ ਬੇਦਾਵਾ ਲਿਖਣ ਦੀ ਘਟਨਾ ਨੂੰ ਆਨੰਦਪੁਰ ਸਾਹਿਬ ਵਿਖੇ ਨਾਂ ਮੰਨਣ ਬਾਰੇ ਵਿਚਾਰ:

ਗਿਆਨੀ ਸੋਹਣ ਸਿੰਘ ਸੀਤਲ ਨੇ ਆਪਣੀ ਕਿਤਾਬ *'ਮਨੁੱਖਤਾ ਦੇ ਗੁਰੂ, ਗੁਰੂ ਗੋਬਿੰਦ ਸਿੰਘ'* ਵਿਚ ਗੁਰੂ ਜੀ ਬਾਰੇ ਸਭ ਤੋਂ ਪੁਰਾਣੀ ਇਤਿਹਾਸਕ ਪੁਸਤਕ *'ਸ੍ਰੀ ਗੁਰੂ ਸੋਭਾ'* (ਰਚਨਾ ਗੁਰੂ ਜੀ ਦੇ ਹਜ਼ੂਰੀ ਕਵੀ 'ਸੈਨਾਪਤਿ') ਦੇ ਗਿਆਰਵੇਂ ਅਧਿਆਏ ਦਾ ਹਵਾਲਾ ਦੇ ਕੇ ਇਸ ਘਟਨਾ ਬਾਰੇ ਇਉਂ ਲਿਖਿਆ ਹੈ:

"ਆਗੂ ਹੋਣ ਦੀ ਹੈਸੀਅਤ ਵਿਚ ਹਰ ਬੁਰੇ ਭਲੇ ਦੀ ਜ਼ਿੰਮੇਵਾਰੀ ਗੁਰੂ ਮਹਾਰਾਜ ਦੇ ਸਿਰ ਆਉਂਦੀ ਸੀ। ਇਸੇ ਵਾਸਤੇ ਉਹ ਆਨੰਦਪੁਰ ਛੱਡਣ ਦੇ ਹੱਕ ਵਿਚ ਨਹੀਂ ਸਨ। ਪਰ ਗੁਰੂ ਮਹਾਰਾਜ ਨੇ ਸਿੱਖਾਂ ਵਿਚ 'ਲੋਕ ਰਾਏ' ਦਾ ਰਵਾਜ ਪਾਇਆ ਸੀ ਤੇ ਹਜ਼ੂਰ ਆਪ ਬਹੁਸੰਮਤੀ ਦੀ ਰਾਏ ਦੀ ਬੜੀ ਕਦਰ ਕਰਦੇ ਸਨ। ਇਹੀ ਕਾਰਨ ਹੈ ਕਿ ਗੁਰਦੇਵ ਹਜ਼ੂਰ ਨੇ ਵਾਪਰਨ ਵਾਲੇ ਭਲੇ ਬੁਰੇ ਦੀ ਜ਼ਿੰਮੇਵਾਰੀ ਸਿੱਖਾਂ ਦੇ ਸਿਰ ਪਾਉਂਦਿਆਂ ਸਾਫ ਸ਼ਬਦਾਂ ਵਿਚ ਕਹਿ ਦਿੱਤਾ, *''ਬੁਰਾ ਹੋਤ, ਤੁਮਰੇ ਸਿਰ ਭਾਈ''* (ਜੇ ਕੁਛ ਬੁਰਾ ਹੋਇਆ ਤਾਂ ਜ਼ਿੰਮੇਵਾਰੀ ਤੁਹਾਡੇ ਸਿਰ ਹੋਵੇਗੀ)। ਇਸ ਤੋਂ ਅਗਲੀ ਪੰਗਤੀ, '*ਯਉ ਸਭ ਸੋ ਤਉ ਹਦ ਲਿਖਵਾਏ*', ਭੁਲੇਖਾ ਪਾਉਣ ਵਾਲੀ ਹੈ, ਜੋ ਕਿ ਚੌਪਈ ਤਰੀਕੇ ਨਾਲ ਲਿਖਣ ਦੇ ਚਾਰੇ ਚਰਣ ਪੂਰੇ ਕਰਨ ਵਾਸਤੇ ਲਿਖੀ ਗਈ ਜਾਪਦੀ ਹੈ।

ਇਸ ਭੁਲੇਖਾ ਪਾਊ ਪੰਗਤੀ ਵਿਚ 'ਹਦ ਲਿਖਵਾਏ' ਹੀ ਟਪਲਾ ਲਾਉਣ ਵਾਲੇ ਸ਼ਬਦ ਹਨ, ਜਿਨ੍ਹਾਂ ਦੇ ਅਰਥ ਕਰਨ ਵਾਲਿਆਂ ਮੰਨ ਲਿਆ ਕਿ ਗੁਰੂ ਜੀ ਨੇ 'ਬੇਦਾਵਾ' ਲਿਖਵਾ ਲਿਆ। ਨਹੀਂ ਤਾਂ ਸਿੱਧਾ ਪ੍ਰਸੰਗ ਤਾਂ ਇਉਂ ਹੀ ਜਚਦਾ ਹੈ ਕਿ ਗੁਰੂ ਜੀ ਨੇ ਫੁਰਮਾਇਆ, 'ਹੁਣ ਜੋ ਵੀ ਚੰਗੀ ਮਾੜੀ ਵਾਪਰੇ, ਉਸ ਦੀ ਜ਼ਿੰਮੇਵਾਰੀ ਤੁਹਾਡੇ ਸਿਰ ਹੋਵੇਗੀ, ਚਲੋ ਤਿਆਰ ਹੋਵੋ'' ("*ਹੋਹੁ ਤਯਾਰ ਤਬੈ ਫੁਰਮਾਏ*")। ਗੁਰਦੇਵ ਨੇ ਸਿੱਖਾਂ ਦੀ ਬੇਨਤੀ ਮੰਨ ਲਈ ਤੇ ਸਾਰੇ ਤਿਆਰ ਹੋ ਕੇ ਆਨੰਦਪੁਰ ਛੱਡ ਤੁਰੇ। ਸੈਨਾਪਤਿ ਕਹਿੰਦਾ ਹੈ ਕਿ ਗੁਰੂ ਜੀ ਨੇ ਤਿਆਰੀ ਦਾ ਹੁਕਮ ਦੇ ਦਿੱਤਾ ਅਤੇ ਆਪ ਵੀ ਸਿੱਖਾਂ ਦੇ ਨਾਲ ਆਨੰਦਪੁਰ ਸਾਹਿਬ ਛੱਡ ਕੇ ਤੁਰ ਪਏ। ਭਾਵ ਸਾਰੇ ਸਿੱਖ ਗੁਰੂ ਜੀ ਨਾਲ ਹੀ ਰਹੇ, ਵਿਚੋਂ ਕੋਈ ਸਿੱਖ ਗੁਰੂ ਜੀ ਨੂੰ ਛੱਡ ਕੇ ਨਹੀਂ ਗਿਆ।

ਸੈਨਾਪਤਿ ਦੇ ਸ਼ਬਦ 'ਹਦ ਲਿਖਵਾਏ' ਕਵਿਤਾ ਦਾ ਤੁਕਾਂਤ ਤੇ ਚੌਪਈ ਦਾ ਚੌਥਾ ਚਰਣ ਪੂਰਾ ਕਰਨ ਵਾਸਤੇ ਕੇਵਲ ਭਰਤੀ (ਖਾਲੀ ਥਾਂ ਭਰਨ) ਵਜੋਂ ਜਾਪਦੇ ਹਨ। ਆਮ ਬੋਲਚਾਲ ਵਿਚ ਵੀ ਅਸੀਂ ਕਹਿ ਦਿੰਦੇ ਹਾਂ 'ਲਿਖਵਾ ਲਉ ਮੈਥੋਂ ਜਾਂ ਲਿਖ ਦਿਓ ਕਿ ਇਹ ਗੱਲ ਹੋਵੇਗੀ ਜਾਂ ਨਹੀਂ ਹੋਵੇਗੀ'। ਇਹ ਰਸਮੀ ਸ਼ਬਦ ਹੁੰਦੇ ਹਨ, ਜੋ ਅਮਲ ਵਿਚ ਨਹੀਂ ਆਉਂਦੇ। ਸੈਨਾਪਤਿ ਦੀ ਲਿਖਤ ਤੋਂ ਇਹ ਸਿੱਧ ਹੁੰਦਾ ਕਿ ਆਨੰਦਪੁਰ ਸਾਹਿਬ ਵਿਚ ਬੇਦਾਵਾ ਨਹੀਂ ਲਿਖਿਆ ਗਿਆ ਸੀ ਅਤੇ ਕੁਝ ਸਿੱਖ ਗੁਰੂ ਜੀ ਦਾ ਸਾਥ ਛੱਡ ਕੇ ਨਹੀਂ ਸਨ ਗਏ। ਇਸ ਪੁਸਤਕ ਵਿਚ *"ਅਸੀਂ ਤੁਹਾਡੇ ਸਿੱਖ ਨਹੀਂ ਅਤੇ ਤੁਸੀਂ ਸਾਡੇ ਗੁਰੂ ਨਹੀਂ"* ਵਰਗਾ ਬੇਦਾਵਾ ਲਿਖਣ ਦੀ ਉੱਕਾ ਕੋਈ ਗੱਲ ਨਹੀਂ ਹੈ।

ਘਟਨਾ ਤੋਂ 93 ਸਾਲ ਪਿਛੋਂ 1797 ਈਸਵੀ ਵਿੱਚ ਲਿਖੀ ਕਿਤਾਬ *'ਗੁਰਬਿਲਾਸ ਪਾਤਿਸਾਹੀ ਦਸਮੀ'* ਵਿੱਚ ਲੇਖਕ ਭਾਈ ਸੁੱਖਾ ਸਿੰਘ ਸੈਨਾਪਤਿ ਦੇ ਮਗਰ-ਮਗਰ ਚਲਦਾ ਹੈ। ਇਥੋਂ ਤਕ ਕਿ 'ਸ੍ਰੀ ਗੁਰ ਸੋਭਾ' ਦੀਆਂ ਕਈ ਪੰਗਤੀਆਂ ਜਿਉਂ ਦੀਆਂ ਤਿਉਂ 'ਗੁਰਬਿਲਾਸ' ਵਿਚ ਆਉਂਦੀਆਂ ਹਨ: '*ਸ੍ਰੀ ਮੁਖ ਕਹਾ, ਸੁਨੋ ਚਿਤ ਲਾਈ। ਬੁਰੋ ਹੋਤ, ਤੁਮਰੇ ਸਿਰ ਭਾਈ। ਤੁਮ ਯਹਿ ਬਾਤ ਭੇਵ ਨਹਿ ਜਾਨੋ। ਬਾਰਕ ਹੌ, ਬਚ ਐਸ ਬਖ਼ਾਨੋ*'।

ਸੁੱਖਾ ਸਿੰਘ ਤੋਂ ਬਾਅਦ ਰਤਨ ਸਿੰਘ ਭੰਗੂ ਨੇ ਇਕ ਹੋਰ ਤੁਕ ਜੋੜ ਦਿੱਤੀ *'ਤੁਮ ਹਮ ਗੁਰੂ ਨਾ ਹਮ ਤੁਮ ਸਿੱਖ'*, ਅਤੇ ਅਸਲੀਅਤ ਹੋਰ ਧੁੰਦਲੀ ਹੋ ਗਈ। ਭਾਈ ਸੰਤੋਖ ਸਿੰਘ (*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*) ਤਾਂ ਇਥੋਂ ਤਕ ਲਿਖਦੇ ਹਨ ਕਿ ਗੁਰੂ ਜੀ ਦੀ ਕਿਲਾ ਨਾਂ ਛੱਡਣ ਦੀ ਅੜੀ ਦੇਖ ਕ ਸਭ ਤੋਂ ਪਹਿਲਾਂ ਬੇਦਾਵਾ ਮਾਤਾ ਗੁਜਰੀ ਜੀ ਨੇ ਲਿਖਿਆ ਅਤੇ ਇਨ੍ਹਾਂ ਨੂੰ ਵੇਖ ਕੇ ਬਹੁਤੇ ਸਿੱਖਾਂ ਨੇ ਲਿਖ ਦਿਤਾ, ਪਰ ਪੰਜ ਪਿਆਰਿਆਂ ਤੇ ਕੁਝ ਹੋਰ ਸਿੱਖਾਂ ਤੋਂ ਬਿਨਾਂ।

ਜਿਉਂ ਜਿਉਂ ਸਮਾਂ ਬੀਤਦਾ ਜਾਂਦਾ ਹੈ, ਇਤਿਹਾਸਕ ਕਥਾਵਾਂ ਨਾਲ ਲੋਕਾਂ ਦੇ ਮੂੰਹ ਚੜ੍ਹੀਆਂ ਅਫਵਾਹਾਂ ਮਿਲ ਕੇ ਸਚਾਈ ਨੂੰ ਧੁੰਦਲਾ ਕਰੀ ਜਾਂਦੀਆਂ ਹਨ। ਇਹੀ ਭੁਲੇਖਾ ਇਥੇ ਲੱਗਾ ਜਾਪਦਾ ਹੈ।

ਸੈਨਾਪਤਿ ਦੇ ਸ਼ਬਦ '*ਹਦ ਲਿਖਵਾਏ*' 'ਗੁਰਬਿਲਾਸ' ਵਿਚ '*ਹੱਦ ਲਿਖਾਈ*' ਬਣ ਗਏ। '*ਗੁਰਬਿਲਾਸ ਪਾਤਸਾਹੀ ਦਸਮੀ*' ਦੀ ਅਗਲੀ ਪੰਗਤੀ ਵਿਚ ਹੋਰ ਅੱਗੇ ਲਿਖਿਆ '*ਸਿੱਖੀ ਗੁਰੂ ਬਿਦਾਵ ਕਰਾਈ*' ਖੰਭਾਂ ਦੀ ਡਾਰ ਵਾਲਾ ਮੁਹਾਵਰਾ ਵਰਤਿਆ ਗਿਆ ਜਾਪਦਾ ਹੈ। ਲੇਖਕ ਆਪ ਹੀ ਸ਼ੰਕਾ ਪ੍ਰਗਟ ਕਰਦਾ ਲਿਖਦਾ ਹੈ, 'ਕਈ ਕਹਿੰਦੇ ਹਨ, ਮੁਕਤਿਆਂ (ਮੁਕਤਸਰ ਸ਼ਹੀਦ ਹੋਣ ਵਾਲਿਆਂ) ਬੇਦਾਵਾ ਨਹੀਂ ਲਿਖਿਆ। ਕਈ ਕਹਿੰਦੇ ਹਨ, ਸਾਰਿਆਂ ਲਿਖ ਦਿੱਤਾ'।

ਇਸ ਤਰਾਂ '*ਗੁਰਬਿਲਾਸ*' ਅਨੁਸਾਰ ਕੋਈ ਵੀ ਸਿੱਖ ਗੁਰੂ ਦਾ ਸਾਥ ਛੱਡ ਕੇ ਨਹੀਂ ਗਿਆ। ਸੋਚਣ ਵਾਲੀ ਗੱਲ ਹੈ ਕਿ ਜੇ ਗੁਰੂ ਜੀ ਨੇ ਉਨ੍ਹਾਂ ਦੇ ਨਾਲ ਹੀ ਆਨੰਦਪੁਰ ਛੱਡ ਦੇਣਾ ਸੀ ਤਾਂ ਫਿਰ 'ਬੇਦਾਵਾ' ਲਿਖਵਾਉਣ ਦੀ ਕੀ ਲੋੜ ਸੀ। ਦੂਸਰੇ ਪਾਸੇ ਜੇ ਸਿੱਖਾਂ ਨੇ ਬੇਦਾਵਾ ਲਿਖ ਕੇ ਵੀ ਗੁਰੂ ਜੀ ਦੇ ਨਾਲ ਹੀ ਰਹਿਣਾ ਸੀ ਤਾਂ ਬੇਦਾਵਾ ਲਿਖਣ ਦਾ ਕੀ ਅਰਥ? ਇਸ ਤੋਂ ਵੀ ਵੱਧ, ਮਾਤਾ ਗੁਜਰੀ ਜੀ ਵਲੋਂ ਬੇਦਾਵਾ ਲਿਖਣ ਵਿਚ ਪਹਿਲ ਕਰਨੀ

(ਭਾਈ ਸੰਤੋਖ ਸਿੰਘ ਅਨੁਸਾਰ) ਮੰਨਣ ਵਿਚ ਨਾ ਆਉਣ ਵਾਲੀ ਗੱਲ ਹੈ।

ਗਿਆਨੀ ਸੋਹਣ ਸਿੰਘ ਸੀਤਲ ਅਨੁਸਾਰ ਆਨੰਦਪੁਰ ਸਾਹਿਬ ਵਿਖੇ ਕੋਈ ਬੇਦਾਵਾ ਨਹੀਂ ਲਿਖਿਆ ਗਿਆ। ਭਾਈ ਸੁੱਖਾ ਸਿੰਘ ਤੇ ਭਾਈ ਸੰਤੋਖ ਸਿੰਘ ਦੀ ਰਾਏ ਹੈ ਕਿ ਬੇਦਾਵਾ ਲਿਖਣ ਵਾਲਿਆਂ ਵਿਚੋਂ ਕੋਈ ਸਿੱਖ ਗੁਰੂ ਜੀ ਨੂੰ ਛਡ ਕੇ ਨਹੀਂ ਗਿਆ।

ਇਤਿਹਾਸਕਾਰਾਂ ਦੇ ਵਿਚਾਰਾਂ ਤੋਂ ਤਾਂ ਇਹੀ ਲਗਦਾ ਹੈ ਕਿ ਕਿਸੇ ਵੀ ਸਿੰਘ ਨੇ ਆਨੰਦਪੁਰ ਸਾਹਿਬ ਵਿਖੇ ਬੇਦਾਵਾ ਨਹੀਂ ਲਿਖਿਆ। ਸਗੋਂ ਸਲਾਹ ਮਸ਼ਵਰਾ ਕਰਕੇ ਅਤੇ ਸਿੰਘਾਂ ਦੀ ਰਾਏ ਮੰਨ ਕੇ ਨਾ ਚਾਹੁੰਦਿਆਂ ਵੀ ਗੁਰੂ ਜੀ ਨੇ ਸਿੰਘਾਂ ਸਮੇਤ ਆਨੰਦਪੁਰ ਦਾ ਕਿਲ੍ਹਾ ਛੱਡ ਦਿੱਤਾ।

ਹੋਰ ਸਰੋਤ:


ਅਮਨਦੀਪ ਸਿੰਘ ਟੱਲੇਵਾਲੀਆ, "ਬੇਦਾਵਾ ਕਿੱਥੇ ਲਿਖਿਆ ਗਿਆ?" *ਪੰਜਾਬੀ ਟ੍ਰਿਬਿਊਨ*, 14 ਜਨਵਰੀ 2011.

ਗੁਰਚਰਨ ਸਿੰਘ ਜਿਉਣ ਵਾਲਾ (KhalsaNews.org).


ਨੋਟ:

ਬੇਦਾਵੇ ਦੀ ਅਸਲੀਅਤ ਕੀ ਲਗਦੀ ਹੈ?

ਭਾਗ 3 ਵਿਚ ਪੜ੍ਹਨ ਦੀ ਕ੍ਰਿਪਾ ਕਰੋ ਜੀ।

## ਮਾਂ ਦਿਵਸ ਤੇ ਵਿਸ਼ੇਸ਼

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)

ਮਾਂ ਹੁੰਦੀ ਮਮਤਾ ਦੀ ਮੂਰਤ,
ਮਾਂ ਦੀ ਲਗਦੀ ਸੋਹਣੀ ਸੂਰਤ।
ਮਾਂ ਤਾਂ ਹੁੰਦੀ ਪਿਆਰ ਦਾ ਸਾਗਰ,
ਮਾਂ ਹੁੰਦੀ ਏ ਦਇਆ ਦੀ ਗਾਗਰ।

ਮਾਂ ਤਾਂ ਇੱਕ ਕਿਤਾਬ ਹੁੰਦੀ ਏ,
ਮਾਂ ਤਾਂ ਲਾ-ਜਵਾਬ ਹੁੰਦੀ ਏ।
ਮਾਂ ਤਾਂ ਸੰਘਣੀ ਛਾਂ ਦਾ ਬੂਟਾ,
ਮਾਂ ਦੇਂਦੀ ਏ ਪਿਆਰ ਦਾ ਝੂਟਾ।

ਕੀ ਏ ਮਸਜਿਦ ਕੀ ਏ ਮੰਦਰ,
ਸਭ ਕੁੱਝ ਤਾਂ ਹੈ ਮਾਂ ਦੇ ਅੰਦਰ।
ਜਦ ਦੁਨੀਆਂ ਦੁਰਕਾਰ ਹੈ ਦੇਂਦੀ,
ਮਾਂ ਹੀ ਉਦੋਂ ਪਿਆਰ ਹੈ ਦੇਂਦੀ।

ਗੌਰ ਕਰੋ ਦੁਨੀਆਂ ਦੇ ਲੋਕੋ,
ਮਾਵਾਂ ਦਾ ਨਿਰਾਦਰ ਰੋਕੋ।
ਮਾਂ ਦੀ ਪੂਜਾ ਰੱਬ ਦੀ ਪੂਜਾ,
ਮਾਂ ਤਾਂ ਰੱਬ ਦਾ ਨਾਂ ਹੈ ਦੂਜਾ।

ਮਾਂ ਦਾ ਦਿੱਲ ਤਾਂ ਕੋਮਲ ਫੁੱਲ ਹੈ,
ਇਸ ਦੀ ਮਹਿਕ ਬਚਾ ਕੇ ਰੱਖੋ।
ਕਿਧਰੇ ਇਹ ਮੁਰਝਾ ਨਾ ਜਾਵੇ,
ਪਿਆਰ ਦਾ ਪਾਣੀ ਪਾ ਕੇ ਰੱਖੋ।

ਜੇ ਚਾਹੁੰਦੇ ਹੋ ਸੁੱਖ ਘਰਾਂ ਵਿੱਚ,
'ਦੀਸ਼' ਦੀ ਗੱਲ ਨੂੰ ਮਨ ਵਸਾਓ।
ਮਾਂ ਦੀ ਸੇਵਾ ਧਰਮ ਬਣਾ ਕੇ,
ਝੋਲੀ ਵਿੱਚ ਅਸੀਸਾਂ ਪਾਓ।





# ਮੇਰਾ ਬਾਪੂ

ਹਰਪ੍ਰੀਤ ਸਿੰਘ ਗਿੱਲ

ਇਹ ਬਾਪੂ ਬੋਹੜ ਦੇ ਰੁੱਖ ਵਰਗਾ
ਅਹਿਸਾਸ ਹੈ ਸਿਰ ਤੇ ਅੰਬਰ ਦਾ
ਅਣਥੱਕ ਕਮਾਈਆਂ ਰੁੱਝਿਆ ਹੈ
ਵਿਸ਼ਵਾਸ ਹੈਂ ਘਰ ਦੇ ਲੰਗਰ ਦਾ

ਅੱਜ ਕਿੱਥੇ ਧੱਕੇ ਖ੍ਹਾਦੇ ਸੀ
ਤੇ ਕਿਸ ਨਾਲ ਮੱਥਾ ਭਿੜਿਆ ਸੀ
ਕਿਸ-ਕਿਸ ਦੇ ਤਰਲੇ ਕੀਤੇ ਸੀ
ਤੇ ਕਿੱਥੋਂ ਪੈਸਾ ਫੜਿਆ ਸੀ

ਕੋਈ ਪੜ੍ਹ ਨਾ ਲਏ ਉਹਦੇ ਚੇਹਰੇ ਤੋਂ
ਘਰ ਅੰਦਰ ਹੱਸਦਾ ਵੜਿਆ ਸੀ
ਮਾਂ ਦਾ ਦੁੱਖ ਅੱਥਰੂ ਕਹਿ ਜਾਂਦੇ
ਬੁੱਝ ਸਕੇ ਨਾਂ ਪਿਉ ਦੇ ਅੰਦਰ ਦਾ

ਇਹ ਬਾਪੂ ਬੋਹੜ ਦੇ ਰੁੱਖ ਵਰਗਾ
ਅਹਿਸਾਸ ਹੈ ਸਿਰ ਤੇ ਅੰਬਰ ਦਾ
ਜੋ ਬਾਪੂ ਤੇਰੇ ਬਾਪੂ ਨੇ
ਕਰਨਾ ਚਾਹਿਆ ਪਰ ਹੋਇਆ ਨਾ

ਤੂੰ ਵੀ ਘੁਲ਼ਿਆ, ਮਿੱਟੀ ਰੁਲ਼ਿਆ
ਜੋ ਚਾਹੁੰਦਾ ਸੈਂ ਬਣ ਹੋਇਆ ਨਾ
ਹੁਣ ਸੋਚ ਰਿਹਾ ਧੀ ਪੁੱਤਰ ਹੀ
ਕਰ ਲੈਣ ਜੋ ਤੈਥੋਂ ਹੋਇਆ ਨਾ
ਤੂੰ ਆਪਣੇ ਖ਼ਰਚੇ ਕੱਟ ਲੈਂਨੈਂ
ਕਰੇਂ ਚਿੰਤਾ ਸਾਡੇ ਮੰਜ਼ਰ ਦਾ

ਇਹ ਬਾਪੂ ਬੋਹੜ ਦੇ ਰੁੱਖ ਵਰਗਾ
ਅਹਿਸਾਸ ਹੈ ਸਿਰ ਤੇ ਅੰਬਰ ਦਾ

ਨਹੀਂ ਭੁੱਲਣਾ ਤੇਰੇ ਸਿਰ ਤੇ ਜੋ
ਬੇਫ਼ਿਕਰੇ ਮੌਜਾਂ ਕਰਦੇ ਸੀ
ਤੂੰ ਖੁੱਲ ਸੀ ਭਾਵੇਂ ਦੇ ਛੱਡੀ
ਪਰ ਕੈੜੀ ਅੱਖ ਤੋਂ ਡਰਦੇ ਸੀ
ਯਾਰ ਪ੍ਰੀਤ ਦੇ ਤੇਰੇ ਪੁੱਤਰ ਸਣ
ਉਹ ਤੇਰੀ ਇੱਜ਼ਤ ਕਰਦੇ ਸੀ
ਬਾਪੂ ਲਈ ਗੱਲ ਕੋਈ ਕਹਿ ਜਾਵੇ
ਨਹੀਂ ਜੇਰਾ ਸੀ ਕਿਸੇ ਬੰਦੇ ਦਾ

ਇਹ ਬਾਪੂ ਬੋਹੜ ਦੇ ਰੁੱਖ ਵਰਗਾ
ਅਹਿਸਾਸ ਹੈ ਸਿਰ ਤੇ ਅੰਬਰ ਦਾ



# ਭਲੇ ਅਮਰਦਾਸ ਗੁਣ ਤੇਰੇ

ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)

ਤੇਜ ਭਾਨ ਭਲੇ ਦੇ ਘਰ ਵਿਚ, ਭਾਨ ਦਾ ਤੇਜ ਲੈਕੇ ਜਨਮੇ।
ਭਗਤੀ ਭਾਵ ਵਿਰਸੇ ਵਿਚ ਲੈਕੇ, ਵੀਹ ਸਾਲ ਤੀਰਥਾਂ ਦੇ ਭਰਮੇ।
ਮੇਵੜੇ ਪਿੰਡ ਦੇ ਦੁਰਗਾ ਪੰਡਿਤ, ਜੋਤ ਪਛਾਣੀ ਦਰਸ਼ਨ ਦੇਖ ।
ਸਿੱਧੇ ਸਾਦੇ ਸ਼ਰਧਾਲੂ ਦੇ ਚਰਨੀ, ਡਿਠੀ ਉਸ ਪਦਮ ਦੀ ਰੇਖ ।
ਤੀਰਥਾਂ ਉੱਤੇ, ਭਟਕ ਭਟਕ ਕੇ, ਮਨ ਦੀ ਭਟਕਣ ਕਿਵੇਂ ਖਲੋਵੇ ।
ਇਕ ਬ੍ਰਹਮਚਾਰੀ ਨੇ ਸੱਟ ਮਾਰੀ, ਗੁਰੂ ਬਿਨਾ ਕਿਵੇਂ ਗਤ ਹੋਵੇ ।
ਗੁਰੂ ਸਪੁੱਤ੍ਰੀ ਬੀਬੀ ਅਮਰੋ, ਗੁਰਬਾਣੀ ਦਾ ਤੀਰ ਚਲਾਇਆ ।
ਅੰਮ੍ਰਿਤ ਬਚਨਾਂ ਨੂੰ ਸੁਣਕੇ ਮਨ, ਹਰਾ ਭਰਾ ਹੋਇਆ, ਮੁਰਝਾਇਆ ।

ਬੀਬੀ ਅਮਰੋ ਸੰਗ ਅਮਰਦਾਸ ਜੀ, ਸਤਿਗੁਰਾਂ ਦਾ ਦਰਸ਼ਨ ਪਾਇਆ ।
ਉਮਰ ਤੇ ਸਾਕਾਦਾਰੀ ਛਡੱਕੇ, ਗੁਰੂ ਚਰਨਾ ਤੇ ਸੀਸ ਨਿਵਾਇਆ ।
ਸੱਠ  ਸਾਲ ਦੀ ਵੱਡੀ ਉਮਰੇ, ਕਰਨ ਲਗੇ ਸੇਵਾ ਦੀ ਘਾਲ ।
ਗੁਰ ਇਸ਼ਨਾਨ ਲਈ ਭਰ ਲਿਆਦੇ, ਗਾਗਰ ਬਿਆਸਾ ਤੋਂ ਜਲ ਨਾਲ ।
ਅਮਰੂ ਨਿਥਾਵਾਂ ਗੁਰਾਂ ਵਡਿਆਇਆ ਦੇਕੇ ਅਨੇਕਾਂ ਹੀ ਵਰਦਾਨ ।
ਨਿਮਾਣਿਆ ਮਾਣ, ਨਿਤਾਣਿਆਂ ਤਾਣ, ਨਿਥਾਂਵਿਆਂ ਦਾ ਤੂੰ ਹੈਂ ਥਾਂਵ ।
ਘਾਲ ਕਮਾਈ ਜਾਂ ਪੂਰੀ ਹੋਈ, ਪੂਰੇ ਗੁਰੂ ਨੇ ਵਡਿਆਇਆ ।
ਤਿਹੱਤਰ ਸਾਲ ਦੀ ਵੱਡੀ ਉਮਰੇ, ਗੁਰਿਆਈ ਸਿਰ ਛੱਤਰ ਝੁਲਾਇਆ।

ਸਦੀਆਂ ਦੀ ਦੱਬੀ ਕੁਚਲੀ ਨਾਰੀ, ਸਤਿਗੁਰਾਂ ਦਿੱਤੀ ਵਡਿਆਈ ।

ਘੁੰਡ,ਪਰਦੇ ਤੋਂ ਮੁਕਤ ਕਰਾਈ , ਸਤੀ ਦੀ ਜ਼ਾਲਮ ਰਸਮ ਹਟਾਈ ।

ਸਿੱਖੀ ਪ੍ਰਚਾਰ ਦਾ ਬਾਨ੍ਹਣੂ ਬੰਨਿਆ, ਬਾਈ ਪ੍ਰਚਾਰਕ ਨੀਅਤ ਕੀਤੇ ।

ਢਾਕੇ ਬੰਗਾਲੇ ਤੋਂ ਲੈਕੇ ਕਾਬਲ ਕੰਧਾਰ ਸਥਾਪਤ ਕੀਤੇ ।

ਸਾਝੀ ਸੰਗਤ ਸਾਂਝੀ ਪੰਗਤ, ਸਾਂਝਾਂ ਤੀਰਥ ਬਾਉਲੀ ਬਣਵਾਇਆ ।

ਊਚ ਨੀਚ ਤੇ ਜਾਤ ਪਾਤ ਦੇ , ਕੋਹੜ ਤੋਂ ਮਨੁੱਖ ਨੂੰ ਮੁਕਤ ਕਰਾਇਆ ।

ਭਾਈ ਪਾਰੋ ਦੇ ਉਦਮ ਨਾਲ, ਵੈਸਾਖੀ ਦਾ ਮੇਲਾ ਆਰੰਭ ਕੀਤਾ ।

ਇਸ ਦਿਹਾੜੇ ਅੱਗੇ ਜਾਕੇ, ਸਿੱਖ ਜਗਤ ਨੂੰ ਇਕ ਮੁੱਠ ਕੀਤਾ ।

ਲੋਕ ਕਲਿਆਣ ਲਈ ਸਤਿਗੁਰੂ ,ਤੀਰਥਾਂ ਦਾ ਸੀ ਚੱਕਰ ਲਾਇਆ ।

ਗੁਰੂ ਦੇ ਲੜ ਲਗੀਆਂ ਸੰਗਤਾਂ ਨੂੰ, ਟੈਕਸਾਂ ਤੋਂ ਸੀ ਮੁਕਤ ਕਰਾਇਆ।

ਗੋਇੰਦਵਾਲ ਨਗਰ ਵਸਾਇਆ, ਉਥੇ ਆਸਣ ਆਣ ਜਮਾਇਆ ।

ਸਤਿਸੰਗਤ ਲਈ ਨਾਮ ਦਾਨ ਤੇ ਗੁਰੂ ਕਾ ਲੰਗਰ ਅਤੁੱਟ ਚਲਾਇਆ ।

ਦੂਰੋਂ ਨੇੜਿਓਂ ਗੁਰੂ ਦਰਸ਼ਨ ਲਈ , ਨਿਸਦਿਨ ਸਿੱਖ ਸੰਗਤਾਂ ਚਲ ਆਵਣ ।

ਪਹਿਲਾਂ ਪੰਗਤ ਵਿਚ ਲੰਗਰ ਛੱਕਣ, ਪਿੱਛੋਂ ਸਤਿਗੁਰਾਂ ਦਾ ਦਰਸ਼ਨ ਪਾਵਣ ।

ਸੰਗਤਾਂ ਲਈ ਭਾਂਤ ਭਾਂਤ ਦਾ ਭੋਜਨ, ਨਿਤ ਸਵੇਰ-ਸ਼ਾਮ  ਬਣਵਾਂਦੇ ।

ਸਤਿਗੁਰੂ ਆਪੇ ਅਲੂਣਾ ਦਲੀਆ, ਭਾਈ ਬਲੂ ਦਾ ਬਣਿਆ ਖਾਂਦੇ ।

ਗੁਰੂ ਦੋਖੀਆਂ ਦੇ ਟੇਟੇ ਚੜ੍ਹਕੇ ,ਦਾਤੂ ਮਾਰੀ ਲੱਤ ਹੋ ਅੱਗੇ ।

ਨਿਮਰਤਾ ਦੀ ਹੱਦ ਸਤਿਗੁਰੂ, ਉਸਦੇ ਪੈਰ ਪਲੋਸਣ ਲਗੇ।

ਛੱਡ ਗੁਰੁਗੱਦੀ ਦਾਤੂ ਦੇ ਲਈ, ਗੁਪਤਵਾਰ ਜਾ ਡੇਰਾ ਗੱਡਿਆ ।

ਭਾਈ ਬੁੱਢੇ ਘੋੜੀ ਮਗਰੇ ਲਗ, ਸੰਨ ਸਾਹਿਬ ਜਾ ਗੁਰਾਂ ਨੂੰ ਲੱਭਿਆ।

ਜੋਗੀ ਜੰਗਮ ਪੰਡਤ ਸੰਨਿਆਸੀ , ਸਭ ਆ ਗੁਰਾਂ ਸੰਗ ਵਾਦ ਰਚਾਂਦੇ ।

ਮਨੁੱਖਵਾਦੀ ਗੁਰਗਿਆਨ ਦੇ ਅੱਗੇ,ਉਹ ਵੀ ਆਖ਼ਰ ਸੀਸ ਝੁਕਾਂਦੇ।

ਸਤਿਗੁਰਾਂ ਦੀ ਸੋਭਾ ਸੁਣਕੇ , ਅਕਬਰ ਵੀ ਦਰਸ਼ਨ ਨੂੰ ਆਇਆ ।

ਪੰਗਤ ਬੈਠ ਕੇ ਲੰਗਰ ਛੱਕਿਆ, ਫ਼ੇਰ ਗੁਰਾਂ ਦਾ ਦਰਸ਼ਨ ਪਾਇਆ।

ਗੁਰਬਾਣੀ ਦੀ ਭਰੀ ਪਟਾਰੀ ,ਗਿਆਨ ਧਿਆਨ ਗੁਰ ਸ਼ਬਦ ਸਮਾਇਆ ।

ਆਨੰਦ ਸਾਹਿਬ ਦੀ ਬਾਣੀ ਰਚਕੇ, ਹਰ ਅਵਸਰ ਆਨੰਦ ਬਣਾਇਆ।

ਅੰਤ ਸਮੇ ਸੰਗਤ ਨੂੰ ਦੱਸਿਆ, ਸਾਨੂੰ ਸੱਚੇ ਰਬ ਬੁਲਾਇਆ ।

ਅਸਾਂ ਆਪਣੇ ਘਰ ਹੈ ਜਾਣਾ, ਮਤਾਂ ਕਿਸੇ ਨੇ ਦੁੱਖ ਮਨਾਇਆ।


ਜੀਵਨ ਦੇ ਨਾਲ ਮੌਤ ਜੁੜੀ ਹੈ, ਇਸਨੂੰ ਆਨੰਦ ਸਹਿਤ ਮਨਾਓ।

ਰੋਣਾ ਧੋਣਾ ਛੱਡਕੇ ਸਾਰਾ, ਕੀਰਤਨ ਕਰੋ ਗੁਰੂ ਜੱਸ ਗਾਓ ।

ਭੱਟਾਂ ਕਿਹਾ ਗੁਰਾਂ ਦੀ ਅਜ਼ਮਤ, ਦਾ ਕੋਈ ਅੰਤ ਨਾ ਪਾਇਆ ਜਾਵੇ ।

ਭਲੇ ਅਮਰਦਾਸ ਗੁਣ ਤੇਰੇ, ਤੇਰੀ ਉਪਮਾ ਤੋਹਿ ਬਨਿ ਆਵੈ ।









ਜਰਨੈਲ ਹਰੀ ਸਿੰਘ ਨਲਵਾ
(29 ਅਪਰੈਲ 1791 – 30 ਅਪਰੈਲ 1837)
ਡਾ. ਸਰਦਾਰ ਰਾਜਾ ਬਲਰਾਜ ਸਿੰਘ, ਕੈਲਗਰੀ (ਕੈਨੇਡਾ)

ਸਰਦਾਰ ਹਰੀ ਸਿੰਘ ਨਲਵਾ ਦਾ ਜਨਮ ਗੁਜਰਾਂਵਾਲਾ (ਪੱਛਮੀ ਪੰਜਾਬ) ਵਿੱਚ ਹੋਇਆ ਸੀ। ਪਿਤਾ ਸਰਦਾਰ ਗੁਰਦਿਆਲ ਸਿੰਘ ਤੇ ਮਾਹਾਰਾਜਾ ਰਣਜੀਤ ਸਿੰਘ ਦੇ ਪਿਤਾ ਸਰਦਾਰ ਮਹਾਂ ਸਿੰਘ ਇੱਕਠੇ ਹੁੰਦੇ ਸੀ। ਦਾਦਾ ਸਰਦਾਰ ਅਰਜਨ ਸਿੰਘ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਦਾਦਾ ਸਰਦਾਰ ਚੜ੍ਹਤ ਸਿੰਘ ਵੀ ਇੱਕਠਿਆਂ ਅਬਦਾਲੀ ਦੇ ਖਿਲਾਫ਼ 1757–1762 ਦੌਰਾਨ ਜੰਗ ਲੜਦੇ ਰਹੇ। ਪੜਦਾਦਾ ਸਰਦਾਰ ਨਰਾਇਣ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਪਾਨ ਕੀਤਾ ਸੀ। ਪਿਤਾ ਜਦੋਂ ਦੁਨੀਆ ਤੋਂ ਚਲ ਵਸੇ, ਉਸ ਵੇਲੇ ਹਰੀ ਸਿੰਘ 8 ਸਾਲ ਦੇ ਸਨ। ਸਨ 1805 ਦੀ ਵਿਸਾਖੀ ਤੇ ਮਾਹਾਰਾਜਾ ਰਣਜੀਤ ਸਿੰਘ ਨੇ ਇੱਕ ਦੀਵਾਨ ਵਿਚ ਇਸ 14 ਸਾਲ ਦੇ ਨੌਜਵਾਨ ਦੀ ਬਹਾਦਰੀ ਦੇ ਵੱਡੇ ਕਰਤੱਬ ਵੇਖ ਕੇ ਉਸ ਨੂੰ ਆਪਣੀ ਫੌਜ ਵਿਚ ਆਪਣਾ 'ਨਿਜੀ ਰੱਖਿਅਕ' ਸਿਪਾਹੀ ਦੇ ਤੌਰ ਤੇ ਰੱਖ ਲਿਆ।

ਮਹਾਰਾਜਾ ਇੱਕ ਵਾਰ ਜੰਗਲ ਵਿੱਚ ਹਰੀ ਸਿੰਘ ਸਮੇਤ ਕੁਝ ਸਿਪਾਹੀਆਂ ਨਾਲ ਸ਼ਿਕਾਰ ਲਈ ਗਏ। ਇਸ ਦੌਰਾਨ ਇਕ ਸ਼ੇਰ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਜਿਸ ਸਮੇਂ ਸਾਰੇ ਲੋਕ ਘਬਰਾਹਟ ਵਿੱਚ ਸਨ, ਹਰੀ ਸਿੰਘ ਨੇ ਆਪਣੇ ਦੋਵੇਂ ਹੱਥਾਂ ਨਾਲ ਸ਼ੇਰ ਦੇ ਜਬਾੜੇ ਨੂੰ ਵਿਚਕਾਰੋਂ ਪਾੜ ਦਿੱਤਾ। ਇਸ ਬਹਾਦਰੀ ਨੂੰ ਦੇਖ ਕੇ ਮਹਾਰਾਜੇ ਨੇ ਕਿਹਾ, 'ਵਾਹ! ਤੁਸੀਂ ਰਾਜਾ ਨਲ ਵਰਗੇ ਸੂਰਮੇ ਹੋ।' ਉਦੋਂ ਤੋਂ ਉਹ 'ਨਲਵਾ' ਦੇ ਨਾਂ ਨਾਲ ਮਸ਼ਹੂਰ ਹੋ ਗਏ। ਉਸ ਨੂੰ "ਬਾਘ-ਮਾਰ" ਵੀ ਕਿਹਾ ਜਾਂਦਾ ਸੀ।

ਮਹਾਰਾਜੇ ਨੇ 1807 ਵਿਚ ਇਸ 16 ਸਾਲ ਉਮਰ ਦੇ 'ਸ਼ੇਰ' ਨੂੰ "ਸ਼ੇਰ-ਦਿਲ" ਰਜਮੈਂਟ ਦਾ ਕਮਾਂਡਰ ਬਣਾ ਦਿੱਤਾ।

ਖੈਬਰ ਦੱਰਾ ਪੱਛਮ ਤੋਂ ਭਾਰਤ ਵਿਚ ਦਾਖਲ ਹੋਣ ਦਾ ਇੱਕੋ ਰਸਤਾ ਸੀ। ਯੂਨਾਨੀਆਂ ਵੱਲੋਂ ਭਾਰਤ ਉੱਤੇ ਹਮਲੇ ਅਤੇ ਲੁੱਟ-ਖਸੁੱਟ ਈਸਾ ਤੋਂ 500 ਸਾਲ ਪਹਿਲੇ ਖੈਬਰ ਤੋਂ ਹੀ ਸ਼ੁਰੂ ਹੋਈ ਸੀ। ਯੂਨਾਨੀ, ਹੂਨ, ਸ਼ਾਕ, ਅਰਬ, ਤੁਰਕ, ਪਠਾਨ ਅਤੇ ਮੁਗਲ ਲਗਭਗ ਇੱਕ ਹਜ਼ਾਰ ਸਾਲ ਤੱਕ ਭਾਰਤ ਉੱਤੇ ਹਮਲੇ ਕਰਦੇ ਰਹੇ। ਭਾਰਤ ਨੂੰ ਤੈਮੂਰ ਲੰਗ, ਬਾਬਰ ਅਤੇ ਨਾਦਿਰ ਸ਼ਾਹ ਦੀਆਂ ਫ਼ੌਜਾਂ ਹੱਥੋਂ ਬਹੁਤ ਨੁਕਸਾਨ ਝੱਲਣਾ ਪਿਆ ਸੀ। ਜਰਨੈਲ ਹਰੀ ਸਿੰਘ ਨਲਵਾ ਨੇ ਖੈਬਰ ਦੱਰੇ ਦਾ ਰਸਤਾ ਹੀ ਬੰਦ ਕਰ ਦਿੱਤਾ। ਅਫਗਾਨਿਸਤਾਨ ਪਹਿਲਾਂ ਤੈਮੂਰ ਲੰਗ ਅਤੇ ਬਾਅਦ ਵਿੱਚ ਅਹਿਮਦ ਸ਼ਾਹ ਅਬਦਾਲੀ ਦੇ ਅਧੀਨ ਸੀ। ਇਸ ਵਿੱਚ ਕਸ਼ਮੀਰ, ਲਾਹੌਰ, ਪਿਸ਼ਾਵਰ, ਕੰਧਾਰ ਅਤੇ ਮੁਲਤਾਨ ਸ਼ਾਮਲ ਸਨ।

ਇੱਕ ਹੁਸ਼ਿਆਰ ਜਰਨੈਲ ਵਜੋਂ, ਹਰੀ ਸਿੰਘ ਨਲਵਾ ਨੇ ਹੇਰਾਤ, ਕਲਾਤ, ਬਲੋਚਿਸਤਾਨ, ਪਿਸ਼ਾਵਰ ਅਤੇ ਫਰਾਸ ਨੂੰ ਜਿੱਤ ਕੇ ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਲਿਆਂਦਾ। ਫਿਰ ਸਿੰਧ ਦਰਿਆ ਦੇ ਪਾਰ ਅਫਗਾਨ ਸਾਮਰਾਜ ਦੇ ਇੱਕ ਵੱਡੇ ਹਿੱਸੇ 'ਤੇ ਕਬਜ਼ਾ ਕਰਕੇ ਸਿੱਖ ਸਾਮਰਾਜ ਦੇ ਉੱਤਰ-ਪੱਛਮੀ ਸਰਹੱਦੀ ਸੂਬੇ **(NWFP)** ਦਾ ਵਿਸਥਾਰ ਕੀਤਾ। ਜਰਨੈਲ ਹਰੀ ਸਿੰਘ ਨਲਵਾ ਦੀਆਂ ਫ਼ੌਜਾਂ ਨੇ ਖ਼ੈਬਰ ਦੇ ਦੂਜੇ ਪਾਸੇ ਅਫ਼ਗਾਨਾਂ ਦਾ ਪਿੱਛਾ ਕਰਕੇ ਭਾਰਤ ਦਾ ਇਤਿਹਾਸ ਬਦਲ ਦਿੱਤਾ।

ਜਰਨੈਲ ਹਰੀ ਸਿੰਘ ਨਲਵਾ ਨੇ ਅਫਗਾਨਾਂ ਉਤੇ ਕਈ ਜਿੱਤਾਂ ਹਾਸਲ ਕੀਤੀਆਂ। ਇਨ੍ਹਾਂ ਵਿਚ ਸਿਆਲਕੋਟ (1802), ਕਸੂਰ (1807), ਅਟਕ, ਬਾਲਾਕੋਟ, ਹਾਜ਼ਰਾ, ਮੁਲਤਾਨ (1818), ਜੱਮੂ, ਕਸ਼ਮੀਰ (1819), ਮੰਗਲ ਤੇ ਮਨਖੇੜੀ (1921), ਦਮਤੌਰ (1822), ਨੌਸ਼ਹਿਰਾ (1823), ਸਿਰੀਕੋਟ (1824), ਸੈਦੂ (1827), ਪਿਸ਼ਾਵਰ (1834) ਅਤੇ ਖੈਬਰ ਪਹਾੜੀਆਂ ਵਿੱਚ ਜਮਰੌਦ (1836) ਸ਼ਾਮਲ ਸਨ। ਉਨ੍ਹਾਂ ਨੂੰ ਕਸ਼ਮੀਰ ਅਤੇ ਪਿਸ਼ਾਵਰ ਦਾ ਗਵਰਨਰ ਬਣਾਇਆ ਗਿਆ ਅਤੇ "ਇਜ਼ੱਤੇ-ਸਰਦਾਰ" ਦਾ ਸਨਮਾਨ ਵੀ ਦਿੱਤਾ ਗਿਆ। ਕਸ਼ਮੀਰ ਵਿਚ ਉਨ੍ਹਾਂ ਨੇ ਇਕ ਨਵਾਂ ਸਿੱਕਾ ਜਾਰੀ ਕੀਤਾ ਜਿਸ ਨੂੰ 'ਹਰੀ ਸਿੰਘੀ' ਸਿੱਕਾ ਕਿਹਾ ਜਾਂਦਾ ਸੀ। ਫਿਰ "ਨਾਨਕਸ਼ਾਹੀ ਸਿੱਕੇ" ਬਣਾਉਣ ਲਈ ਪਿਸ਼ਾਵਰ ਵਿਚ ਇੱਕ ਟਕਸਾਲ ਕਾਇਮ ਕੀਤੀ। ਕਦੀ ਜਿੱਤੇ ਇਲਾਕਿਆਂ ਵਿਚ ਲੁੱਟ-ਮਾਰ ਨਹੀਂ ਹੋਣ ਦਿੱਤੀ ਅਤੇ ਸਭ ਨੂੰ ਇੱਕੋ ਜਿਹਾ ਇਨਸਾਫ਼ ਦਿੱਤਾ। ਨਾਲ ਹੀ ਔਰਤਾਂ ਅਤੇ ਸਭ ਧਰਮਾਂ ਦਾ ਸਤਿਕਾਰ ਕੀਤਾ।

ਮਹਾਰਾਜਾ ਰਣਜੀਤ ਸਿੰਘ 1837 ਵਿਚ ਜਦੋਂ ਆਪਣੇ ਪੁੱਤਰ ਦੇ ਵਿਆਹ ਵਿਚ ਰੁੱਝੇ ਸੀ, ਉਦੋਂ ਜਰਨੈਲ ਹਰੀ ਸਿੰਘ ਨਲਵਾ ਉੱਤਰ-ਪੱਛਮੀ ਸਰਹੱਦ ਤੇ ਲੜ ਰਹੇ ਸੀ। ਉਨ੍ਹਾਂ ਨੇ ਮਹਾਰਾਜੇ ਨੂੰ ਜਮਰੌਦ ਦੇ ਕਿਲੇ ਵੱਲ ਫੌਜ ਭੇਜਣ ਦੀ ਮੰਗ ਕੀਤੀ ਸੀ। ਪਰ ਇਕ ਮਹੀਨੇ ਤੱਕ ਕੋਈ ਫੌਜ ਮਦਦ ਲਈ ਨਹੀਂ ਪਹੁੰਚੀ। ਅਫਗਾਨ ਫੌਜ ਨੇ ਜਮਰੌਦ 'ਤੇ ਬਹੁਤ ਵੱਡਾ ਹਮਲਾ ਕੀਤਾ ਤਾਂ ਗੰਭੀਰ ਰੂਪ ਵਿਚ ਜ਼ਖਮੀ ਹੋਣ ਤੋਂ ਬਾਅਦ, ਜਰਨੈਲ ਹਰੀ ਸਿੰਘ ਨਲਵਾ ਨੇ ਫੌਜ ਨੂੰ ਹੁਕਮ ਦਿੱਤਾ ਕਿ ਉਹ ਸਹਾਇਤਾ ਲਈ ਨਵੀਂ ਫੌਜ ਦੇ ਆਉਣ ਤੱਕ ਉਨ੍ਹਾਂ ਦੀ ਮੌਤ ਦਾ ਐਲਾਨ ਨਾ ਕਰੇ।

ਉਸ ਦੀ ਮੌਜੂਦਗੀ ਦੇ ਡਰ ਕਾਰਨ ਅਫ਼ਗਾਨ ਫ਼ੌਜ ਦਸ ਦਿਨਾਂ ਲਈ ਪਿੱਛੇ ਹਟ ਗਈ। ਜਿੱਤਾਂ ਜਿਤਦੇ ਹੋਏ, ਜਮਰੌਦ ਵਿਚ ਉਸ ਨੇ ਸ਼ਹੀਦੀ ਪ੍ਰਾਪਤ ਕੀਤੀ। ਜਦੋਂ ਇਸ ਗੱਲ ਦਾ ਪਤਾ ਮਾਹਾਰਾਜੇ ਨੂੰ ਲੱਗਾ ਤਾਂ ਉਸ ਨੇ ਕਿਹਾ ਕਿ ਇਹ ਜਿੰਨੇ ਵੀ ਇਲਾਕੇ ਮੈਂ ਜਿੱਤੇ ਹਨ ਜਰਨੈਲ ਹਰੀ

ਸਿੰਘ ਨਲਵੇ ਕਰਕੇ ਜਿੱਤੇ ਹਨ, ਨਹੀਂ ਤੇ ਜਿੱਤੇ ਨਹੀਂ ਸੀ ਜਾਣੇ। ਉਸ ਵੇਲੇ ਖਾਲਸਾ ਰਾਜ ਦਾ ਇਲਾਕਾ ਬ੍ਰਿਟੇਨ ਨਾਲੋਂ ਵੀ ਵੱਡਾ ਸੀ।

ਜਰਨੈਲ ਹਰੀ ਸਿੰਘ ਨੇ 20 ਲੜਾਈਆਂ ਲੜੀਆਂ, ਸਾਰੀਆਂ ਜਿੱਤੀਆਂ ਅਤੇ 12 ਕਿਲੇ ਬਣਵਾਏ। ਅਫ਼ਗ਼ਾਨਿਸਤਾਨ ਨੂੰ ਜਿੱਤਿਆ ਜਿਸ ਨੂੰ ਅਜ ਤਕ ਇੰਗਲੈਂਡ ਅਤੇ ਅਮਰੀਕਾ ਵਰਗੇ ਮੁਲਕ ਵੀ ਜਿੱਤ ਨਹੀਂ ਸਕੇ।

ਉਹ ਫਾਰਸੀ, ਪਸ਼ਤੋ, ਅਰਬੀ, ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾਵਾਂ ਜਾਣਦੇ ਸੀ। ਹਸਨ ਅਬਦਾਲ ਵਿਚ ਉਨ੍ਹਾਂ ਨੇ ਗੁਰਦਵਾਰਾ ਪੰਜਾ ਸਾਹਿਬ ਦੀ ਉਸਾਰੀ ਕਰਵਾਈ। ਆਖਰੀ ਇੱਛਾ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਦੀਆਂ ਅਸਥੀਆਂ ਲਾਹੌਰ ਦੇ ਉਸੇ ਅਖਾੜੇ ਵਿੱਚ ਮਿਲਾਈਆਂ ਗਈਆਂ ਜਿੱਥੇ ਉਨ੍ਹਾਂ ਆਪਣੀ ਪਹਿਲੀ ਬਾਜ਼ੀ ਜਿੱਤੀ ਸੀ। ਸਨ 1892 ਵਿਚ ਉਨ੍ਹਾਂ ਦੀ ਕਿਲੇ ਦੇ ਅੰਦਰ ਇੱਕ ਯਾਦਗਾਰ ਬਣਾਈ ਗਈ ਸੀ। ਕਾਬਲ ਵਿੱਚ ਮਾਵਾਂ ਆਪਣੇ ਬੱਚਿਆਂ ਨੂੰ "ਚੁੱਪ ਕਰ ਨਹੀਂ ਤਾਂ ਹਰੀ ਸਿੰਘ ਆ ਜਾਵੇਗਾ" ਕਹਿ ਕੇ ਚੁੱਪ ਕਰਾਉਂਦੀਆਂ ਸਨ। ਜਹਾਂਗੀਰੀਆ ਕਿਲ੍ਹੇ ਦੇ ਨੇੜੇ ਪਠਾਣਾਂ ਨੂੰ ਇਹ ਕਹਿੰਦੇ ਸੁਣਿਆ ਗਿਆ - ਤੌਬਾ, ਤੌਬਾ, ਖੁਦਾ ਖਾਲਸਾ ਸ਼ੁਦ (ਰੱਬ ਮਾਫ਼ ਕਰੇ, ਰੱਬ ਆਪ ਖਾਲਸਾ ਬਣ ਗਿਆ)।

ਜਰਨੈਲ ਹਰੀ ਸਿੰਘ ਨਲਵਾ ਦੀ ਰਣਨੀਤੀ ਦੇ ਮਾਮਲੇ ਵਿਚ ਦੁਨੀਆ ਦੇ ਸਭ ਤੋਂ ਵਧੀਆ ਫੌਜੀ ਨਾਇਕਾਂ ਨਾਲ ਤੁਲਨਾ ਕੀਤੀ ਜਾਂਦੀ ਹੈ। ਸਰ ਹੈਨਰੀ ਗ੍ਰਿਫਿਨ ਨੇ ਨੂੰ ਉਨ੍ਹਾਂ ਨੂੰ "ਖਾਲਸਾ ਰਾਜ ਦਾ ਚੈਂਪੀਅਨ" ਕਿਹਾ। ਅੰਗਰੇਜ਼ ਹਾਕਮਾਂ ਨੇ ਉਨ੍ਹਾਂ ਦੀ ਤੁਲਨਾ ਨੈਪੋਲੀਅਨ ਨਾਲ ਕੀਤੀ ਹੈ। ਡਾ. ਲੀਟਨਰ ਨੇ 1881 ਵਿਚ ਲਿਖਿਆ ਕਿ ਹਰੀ ਸਿੰਘ ਨਲਵਾ ਦੁਨੀਆਂ ਦਾ ਸਭ ਤੋਂ ਕਾਮਯਾਬ ਜਰਨੈਲ ਸੀ, ਅਤੇ ਜੇ ਉਨ੍ਹਾਂ ਕੋਲ ਹੋਰ ਵੱਡੀ ਫੌਜ ਹੁੰਦੀ ਤਾਂ ਉਹ ਸਾਰੀ ਦੁਨੀਆਂ ਦੇ ਸ਼ਾਸਕ ਹੋ ਸਕਦੇ ਸੀ।

ਸਨ 2013 ਵਿਚ ਉਨ੍ਹਾਂ ਦੇ ਨਾਂ ਤੇ ਭਾਰਤ ਸਰਕਾਰ ਵਲੋਂ ਇੱਕ ਡਾਕ ਟਿਕਟ ਜਾਰੀ ਕੀਤੀ। ਸਨ 2014 ਵਿੱਚ, ਇੱਕ ਆਸਟਰੇਲੀਅਨ ਮੈਗਜ਼ੀਨ (ਬਿਲੀਅਨੇਅਰ ਆਸਟ੍ਰੇਲੀਅਨਸ) ਨੇ ਇਤਿਹਾਸ ਦੇ ਦਸ ਮਹਾਨ ਜੇਤੂਆਂ ਦੀ ਸੂਚੀ ਬਣਾਈ। ਇਸ ਸੂਚੀ ਵਿੱਚ ਜਰਨੈਲ ਹਰੀ ਸਿੰਘ ਨਲਵਾ ਦਾ ਨਾਂ ਸਭ ਤੋਂ ਉੱਪਰ ਸੀ।

AUSTRIAN GENERAL, NOBLE, BARON CHARLES VON HUGEL

WROTE IN HIS BOOK

"KASHMIR AND THE REALM OF SIKH EMPIRE" (1845)

"WE CONSIDERED EUROPEAN ARMY THE BEST IN THE WORLD.
HAVING VISITED THE ARMIES & GENERALS OF THE MAHARAJA
(WHOM I MET IN LAHORE IN 1836)
I CAN SAY WITH CONFIDENCE SIKHS ARE FAR BETTER THAN US,
BOTH PROFESSIONALLY AND IN TERMS OF THEIR CHARACTER".

# ਗੁਰਮਤਿ ਤੇ ਜੋਤਿਸ਼

ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)

ਸੂਰਜ, ਚੰਦ੍ਰਮਾ, ਨਛੱਤ੍ਰ, ਪ੍ਰਿਥਵੀ ਆਦਿ ਦੀ ਚਾਲ ਦਾ ਗਿਆਨ ਜਿਸ ਪੁਰਾਤਨ ਵਿਦਿਆ ਤੋਂ ਪ੍ਰਾਪਤ ਹੋਵੇ ਉਸਦਾ ਨਾਉਂ ਜੋਤਿਸ਼ ਹੈ। ਵਿਗਿਆਨਕ ਖੋਜਾਂ ਦਵਾਰਾ ਖਗੋਲ ਵਿਗਿਆਨ (ਅਸਟਰੋਨੋਮੀ) ਤੋਂ ਗ੍ਰਹਿਆ ਦੀ ਚਾਲ ਦਾ ਹਿਸਾਬ ਲਾਇਆ ਜਾਂਦਾ ਹੈ। ਜੋਤਿਸ਼ ਵਿਦਿਆ (ਅਸਟਰੋਲੋਜੀ) ਪੰਡਤਾਂ ਤੇ ਪ੍ਰੋਹਤਾਂ ਦਾ ਕਾਲਪਨਿਕ ਫ਼ਲਿਤ ਹੈ ਜਿਸ ਤੋਂ ਗ੍ਰਹਿ ਰਾਸ਼ੀਆਂ ਨ ਸੁਖਦਾਇਕ ਜਾਂ ਦੁਖਦਾਇਕ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ। ਇਸ ਵਿਚ ਦਾਨ ਜਪ ਆਦਿ ਕਰਕੇ ਮੰਦ ਫਲ ਦਾ ਰੁੱਕ ਜਾਣਾ ਅਤੇ ਗ੍ਰਹਿ ਪੂਜਨ ਕਰਕੇ ਮਨੋਰਥਾਂ ਦੀ ਸਿੱਧੀ ਦੱਸੀ ਜਾਂਦੀ ਹੈ। ਇਹ ਜੋਤਿਸ਼ ਵੇਦ ਦੇ ਛੇ ਅੰਗਾਂ ਵਿਚੋਂ ਇਕ ਹੈ ਜਿਸ ਤੋਂ ਯਗ ਅਤੇ ਹੋਰ ਕਰਮ ਕਰਨ ਦਾ ਸ਼ੁਭ ਅਸ਼ੁਭ ਵੇਲਾ ਦੇਖਿਆ ਜਾਂਦਾ ਹੈ। ਗੁਰਮਤਿ ਵਿਚ ਇਸ ਦੀ ਮਾਨਤਾ ਨਹੀਂ ਹੈ। ਗੁਰਬਾਣੀ ਸਾਨੂੰ ਜੀਵਨ ਦਾ ਸੱਚਾ ਰਾਹ ਵਿਖਾਂਦੀ ਹੈ। ਸਾਡਾ ਜੀਵਨ ਵਾਹਿਗੁਰੂ ਦੇ ਹੱਥ ਵਿਚ ਹੈ ਜਿਸਨੇ ਸਾਨ ਸਤਿਸੰਗਤ ਦਵਾਰਾ ਆਪਣੇ ਮਸਲੇ ਹਲ ਕਰਨ ਦੀ ਜੁਗਤਿ ਦੱਸੀ ਹੈ। ਉਹੀ ਸੁੱਖੀ ਹੈ ਜੋ ਸੰਤਾਂ ਦੀ ਸੰਗਤ ਵਿਚ ਰਹਿੰਦਾ ਹੈ।

ਮਤ ਕੋਈ ਜਾਣਹੁ ਅਵਰੁ ਕਛੁ ਸਭ ਪ੍ਰਭ ਕੇ
ਹਾਥਿ॥ਸਰਬ ਸੂਖ ਨਾਨਕ ਪਾਏ ਸੰਗਿ ਸੰਤਨ
ਸਾਥਿ॥ ॥ ਅੰਗ-814 ॥

ਮਨ ਕੀ ਪਤ੍ਰੀ ਵਾਚਣੀ ਸੁਖੀ ਹੂ ਸੁਖੁ ਸਾਰੁ॥ ਸੋ
ਬ੍ਰਾਹਮਣੁ ਭਲਾ ਆਖੀਐ ਜਿ ਬੁਝੈ ਬ੍ਰਹਮੁ ਬੀਚਾਰੁ॥
॥ਅੰਗ-904 ॥

ਮਨ ਦੀ ਪੱਤ੍ਰੀ ਵਾਚਣੀ ਚਾਹੀਦੀ ਹੈ ਜਿਸ ਨਾਲ ਸ੍ਰੇਸ਼ਟ ਸੁੱਖ ਮਿਲਦਾ ਹੈ।

ਤਥਾਕਥਿਤ ਵਿਸ਼ਵਾਸ ਤੇ ਕਰਮਕਾਂਡਾਂ ਦਾ ਪ੍ਰਚਲਨ ਕਰ ਕੇ ਬੱਚੇ ਦੇ ਜਨਮ ਤੇ ਜਨਮ ਪੱਤ੍ਰੀ ਬਣਵਾਈ ਜਾਂਦੀ ਹੈ ਜੋ ਉਸਦੇ ਜਨਮ ਸਮੇ, ਗ੍ਰਹਿਆਂ ਦੀ ਅਵੱਸਥਾ ਤੇ ਚਾਲ ਉੱਤੇ ਆਧਾਰਤ ਹੂੰਦੀ ਹੈ। ਉਸਦੇ ਜੀਵਨ ਵਿਚ ਆ ਰਹੇ ਹਰੇਕ ਅਵਸਰ ਤੇ ਸਾਹਾ ਤੇ ਮਹੂਰਤ ਕੱਢੇ ਜਾਂਦੇ ਹਨ।

ਰਿਸ਼ਤਾ ਕਰਨ ਸਮੇ ਜਨਮ ਪੱਤ੍ਰੀਆਂ ਮਿਲਾਂਈਆਂ ਜਾਂਦੀਆ ਹਨ। ਰਾਜੇ ਤੇ ਨੇਤਾ ਵੀ ਕੋਈ ਕਾਰਜ ਕਰਨ ਤੋਂ ਪਹਿਲਾਂ ਜੋਤਸ਼ੀਆ ਦੀ ਸਲਾਹ ਲੈਂਦੇ ਹਨ। ਭੋਲੇ ਤੇ ਅਗਿਆਨੀ ਲੋਕਾਂ ਨੂੰ ਆਪਣੇ ਜਾਲ ਵਿਚ ਫ਼ਾਹੁਣ ਲਈ ਜੋਤਸ਼ੀ ਤੇ ਨਜੂਮੀ ਲੋਕਾਂ ਦੀਆਂ ਸਮੱਸਿਆਵਾਂ ਹਲ ਕਰਨ ਦੇ ਦਾਹਵੇ ਪ੍ਰਚਾਰ ਮਾਧਿਅਮਾਂ ਦੁਆਰਾ ਕਰ ਰਹੇ ਹਨ।

ਗਣਿ ਗਣਿ ਜੋਤਕੁ ਕਾਂਡੀ ਕੀਨੀ॥
ਪੜੈ ਸੁਣਾਵੈ ਤਤੁ ਨ ਚੀਨੀ॥ ਸਭਸੈ ਊਪਰਿ ਗੁਰ
ਸਬਦੁ ਬੀਚਾਰੁ॥ ਹੋਰ ਕਥਨੀ ਬਦਉ ਨ ਸਗਲੀ
ਛਾਰੁ॥ ਅੰਗ-904 ॥

ਜੋਤਿਸ਼ੀ ਗਿਣ ਗਿਣ ਕੇ ਜਜਮਾਨ ਦੀ ਜਨਮ ਪੱਤਰੀ ਬਣਾਦਾ ਹੈ ਤੇ ਪੜ੍ਹ ਕੇ ਉਸ ਨੂੰ ਸੁਣਾਂਦਾ ਹੈ। ਗੁਰਸ਼ਬਦ ਦੀ ਵਿਚਾਰ ਸਭ ਤੋਂ ਉਪੱਰ ਹੈ। ਹੋਰ ਵਿਚਾਰਾਂ ਸਭ ਵਿਅਰਥ ਸਮਝੋ।

ਆਗਮ ਨਿਰਗਮ ਜੋਤਿਕ ਜਾਨਹਿ ਬਹੁ ਬਹੁ ਬਿਆਕਰਨਾ॥ ਤੰਤ ਮੰਤ੍ਰ ਸਭ ਅਉਖਧ ਜਾਨਹਿ ਅੰਤਿ ਤਊ ਮਰਨਾ॥ ਅੰਗ-476 ॥

ਅੰਗ-709 ਤੇ ਗੁਰੂ ਜੀ ਕਹਿੰਦੇ ਹਨ ਉਹ ਮਹੂਰਤ, ਸਮਾਂ ਭਾਗਾਂ ਵਾਲਾ ਹੈ ਜਦੋਂ ਧਰਤੀ ਦਾ ਸਾਈਂ ਮਿਲਦਾ ਹੈ।

ਸਾ ਵੇਲਾ ਕਹੁ ਕਉਣੁ ਹੈ ਜਿਤੁ ਪ੍ਰਭ ਕਉ ਪਾਈ॥
ਸੋ ਮੂਰਤੁ ਭਲਾ ਸੰਜੋਗੁ ਹੈ ਜਿਤੁ ਮਿਲੈ ਗੁਸਾਈ॥

ਸਨੀਵਾਰ ਨੂੰ ਸ਼ਨੀ ਦੇਵਤੇ ਨਾਲ ਜੋੜਕੇ ਲੋਕ ਇਸਦ ਪ੍ਰਭਾਵ ਤੋਂ ਬਚਣ ਲਈ ਦਾਨ ਦਿੰਦੇ ਹਨ॥

ਛਨਿਛਰਵਾਰਿ ਸਉਣ ਸਾਸਤ ਬੀਚਾਰੁ॥
ਹਉਮੈ ਮੇਰਾ ਭਰਮੈ ਸੰਸਾਰੁ॥ ਅਤੇ –
ਦਿਨੁ ਰੈਣਿ ਸਭ ਸੁਹਾਵਣੇ ਪਿਆਰੇ ਜਿਤੁ ਜਪੀਐ ਹਰਿ ਨਾਉ॥ ਅੰਗ-431 ॥

ਗੁਰੂ ਨਾਨਕ ਸਾਹਿਬ ਨੇ ਇਕ ਪਾਖੰਡੀ ਦਾ ਪਾਜ ਉਘਾੜਿਆ ਜੋ ਅੱਖਾਂ ਮੀਟ ਕੇ ਤ੍ਰੈਲੋਕੀ ਦੇ ਦਰਸ਼ਨ ਕਰਾਉਣ ਦਾ ਦਾਅਵਾ ਕਰ ਰਿਹਾ ਸੀ।

ਗੁਰੂ ਜੀ ਨੇ ਉਸਦੇ ਅੱਗੇ ਰੱਖੇ ਲੋਟੇ ਨੂੰ (ਜਿਸ ਵਿਚ ਲੋਕ ਪੈਸੇ ਪਾ ਰਹੇ ਸਨ), ਉਸਦੀ ਪਿੱਠ ਪਿੱਛੇ ਰੱਖਵਾ ਦਿੱਤਾ। ਜਦੋਂ ਉਸਨੇ ਅੱਖਾਂ ਖੋਲ੍ਹੀਆਂ ਤਾਂ ਲੋਟਾ ਨਾ ਦੇਖ ਕੇ ਵਿਆਕੁਲ ਹੋ ਗਿਆ।

ਅੰਗੂਠੇ ਦੇ ਨਾਲ ਦੀਆਂ ਉਂਗਲਾਂ ਨਾਲ ਇਹ ਨੱਕ ਫ਼ੜਦ ਹਨ। ਆਖਦੇ ਹਨ ਕਿ ਤਿੰਨ ਲੋਕ ਦਿਸਦੇ ਹਨ ਪਰ ਪਿੱਛੇ ਪਈ ਚੀਜ਼ ਨਹੀਂ ਦਿਸਦੀ। ਅਜਿਹੇ ਪਾਖੰਡੀਆਂ ਦੀ ਅੱਜ ਵੀ ਕੋਈ ਕਮੀ ਨਹੀਂ।

ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ॥ਰਹਾਉ॥ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ॥ ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ॥ ਅੰਗ-662॥

ਭਾਈ ਗੁਰਦਾਸ ਜੀ ਨੇ (ਕਬਿਤ 448 ਵਿਚ) ਗੁਰਸਿੱਖ ਨੂੰ ਜੋਤਸ਼ੀਆਂ ਦੇ ਦੱਸੇ ਗ੍ਰਹਿਆਂ ਨਛੱਤ੍ਰਾਂ, ਸ਼ਗਨਾਂ, ਅਪ-ਸ਼ਗਨਾ ਦਾ ਵਿਚਾਰ ਤਿਆਗ ਕੇ ਗੁਰਸ਼ਬਦ ਨਾਲ ਸੁਰਤਿ ਜੋੜਨ ਲਈ ਕਿਹਾ ਹੈ।

ਸਿੱਖ ਦੇ ਗੁਰੂ ਨਾਲ ਮੇਲ ਦੀ ਵਡਿਆਈ ਇਉਂ ਹੈ ਜਿਵੇਂ ਪ੍ਰਤਿਬ੍ਰਤਾ ਇਸਤ੍ਰੀ ਨੇ ਆਪਣੇ ਪਤੀ ਦੇ ਆਸਰੇ ਦੁਚਿੱਤਾ-ਪਨ ਤਿਆਗ ਦਿੱਤਾ ਹੋਵੇ। ਸਿੱਖ ਨਾ ਜੋਤਿਸ਼ ਅਤੇ ਨਾ ਵੇਦ ਪੁੱਛਦਾ ਹੈ, ਨਾ ਤਿਥ ਵਾਰ, ਗ੍ਰਹਿਆਂ ਤੇ ਨਛਤੱਰਾਂ ਦੀ ਸ਼ੰਕਾ ਰਖਦਾ ਹੈ। ਸਿੱਖ ਲਗਨ, ਸ਼ਗਨ ਜਾਂ ਦੇਵੀ ਦੇਵਤਿਆ ਦੀ ਪੂਜਾ ਜਾਣਦਾ ਹੀ ਨਹੀਂ। ਸੱਚੇ ਸਿੱਖ ਦਾ ਸਤਿਗੁਰੂ ਨਾਲ ਅਗੰਮੀ ਪਿਆਰ ਹੁੰਦਾ ਹੈ,ਕਿਸੇ ਜੋਤਿਸ਼ ਨਾਲ ਨਹੀਂ। ਸੁਰਤਿ ਵਿਚ ਹਰ ਵੇਲੇ ਗੁਰਸ਼ਬਦ ਧਿਆਉਣ ਵਾਲੇ ਐਸੇ ਗੁਰਸਿੱਖਾਂ ਨੂੰ ਸਤਿਗੁਰੂ ਜੀਂਦੇ ਜੀਅ ਛੁਡਾ ਕੇ ਇਕ ਵਾਹਿਗੁਰੂ ਨਾਲ ਜੋੜ ਦਿੰਦੇ ਹਨ।

***

ਗਉੜੀ ਪੂਰਬੀ ॥

ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ ॥
ਨਾਹ ਇਹ ਤਾਂਘ ਰੱਖਣੀ ਚਾਹੀਦੀ ਹੈ ਕਿ (ਮਰਨ ਪਿਛੋਂ) ਸੁਰਗ ਦਾ ਵਸੇਬਾ ਮਿਲ ਜਾਏ ਅਤੇ ਨਾਹ ਇਸ ਗੱਲੋਂ ਡਰਦੇ ਰਹੀਏ ਕਿ ਕਿਤੇ ਨਰਕ ਵਿਚ ਹੀ ਨਿਵਾਸ ਨਾਹ ਮਿਲ ਜਾਏ।

ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ ॥੧॥
ਜੋ ਕੁਝ (ਪ੍ਰਭੂ ਦੀ ਰਜ਼ਾ ਵਿਚ) ਹੋਣਾ ਹੈ ਉਹੀ ਹੋਵੇਗਾ। ਸੋ, ਮਨ ਵਿਚ ਆਸਾਂ ਨਹੀਂ ਬਣਾਉਣੀਆਂ ਚਾਹੀਦੀਆਂ ॥੧॥

## ਦਰਾਵਿੜ ਦਲਿਤ 'ਸਿੰਘ ਸਜੇ'

ਪ੍ਰੋਫੈਸਰ (ਡਾ.) ਸਰਦਾਰ ਬਲਵਿੰਦਰਪਾਲ ਸਿੰਘ, ਲੁਧਿਆਣਾ (ਭਾਰਤ)

ਸਿੱਖੀ ਦਾ ਪ੍ਰਕਾਸ਼ ਗੁਰੂ ਦੀ ਜੋਤਿ ਵਿਚੋਂ ਨਿਕਲਿਆ ਸਾਰੀ ਕਾਇਨਾਤ ਵਿਚ ਫੈਲ ਰਿਹਾ ਹੈ। ਮੈਂ ਹਮੇਸ਼ਾ ਕਹਿੰਦਾ ਰਿਹਾਂ ਕਿ ਸਿੱਖੀ ਦਲਿਤਾਂ, ਕਬੀਲਿਆਂ ਤੇ ਕਿਰਤੀਆਂ ਵਿਚੋਂ ਫੈਲੇਗੀ। ਇਸਦੇ ਢਾਡੀ ਸਤਿਗੁਰੂ ਨਾਨਕ ਹਨ, ਜਿਹਨਾਂ ਦੀ ਜੋਤਿ ਗੁਰੂ ਗਰੰਥ ਸਾਹਿਬ ਹੈ। ਉਹ ਦਲਿਤਾਂ ਨੂੰ ਮਨੁੱਖ ਹੋਣ ਦਾ ਅਹਿਸਾਸ ਕਰਾਉਂਦੀ ਹੈ। ਸਾਡਾ ਸਿੱਖੀ ਪ੍ਰਚਾਰ ਇਧਰ ਤੁਰਿਆ ਹੁੰਦਾ ਤਾਂ ਸਾਰੇ ਪਛੜੇ ਦਲਿਤ, ਕਬੀਲੇ ਸਿੱਖ ਬਣ ਗਏ ਹੁੰਦੇ। ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਦਾ ਉਦੇਸ਼ ਸੀ ਬਰਾਬਰੀ ਦਾ ਤੇ ਸਾਂਝੀਵਾਲਤਾ ਦਾ ਸਮਾਜ ਤੇ ਰਾਜਨੀਤੀ। ਜੇ ਪੰਜਾਬ ਦੇ ਸਿੱਖਾਂ ਨੇ ਗੁਰੂ ਨਾਨਕ ਸਾਹਿਬ ਦੀ ਸਿੱਖੀ ਅਪਨਾਉਣੀ ਹੈ ਤਾਂ ਜਗੀਰਦਾਰਾਂ ਤੋਂ ਆਜ਼ਾਦ ਹੋਣਾ ਪਵੇਗਾ। ਦਲਿਤਾਂ, ਕਬੀਲਿਆਂ ਤੇ ਵੱਖ-ਵੱਖ ਧਰਮਾਂ ਨਾਲ ਸਬੰਧਤ ਲੋਕ ਹੁਣ ਸਿੱਖ ਸਿਧਾਂਤਾਂ ਤੋਂ ਪ੍ਰਭਾਵਿਤ ਹੋ ਕੇ ਸਿੱਖ ਬਣ ਰਹੇ ਹਨ। ਖਾਸ ਗੱਲ ਇਹ ਹੈ ਕਿ ਸਾਰੇ ਅੰਮ੍ਰਿਤਧਾਰੀ ਸਿੰਘ ਤਾਮਿਲਨਾਡੂ ਤੋਂ ਹਨ। ਇਹ 2021 ਵਿੱਚ ਕਿਸਾਨ ਅੰਦੋਲਨ ਵਿੱਚ ਸ਼ਾਮਲ ਹੋਣ ਆਏ ਸਨ ਜਿਸ ਤੋਂ ਬਾਅਦ ਉਹ ਇੰਨੇ ਪ੍ਰਭਾਵਿਤ ਹੋਏ ਕਿ ਉਹ ਸਿੱਖੀ ਸਰੂਪ ਵਿੱਚ ਸੱਜ ਗਏ।

ਸੱਤ ਉਮੀਦਵਾਰ 2024 ਵਿੱਚ ਤਿਰੂਨੇਲਵੇਲੀ ਹਲਕੇ ਤੋਂ ਇਹ ਚੋਣ ਲੜ ਰਹੇ ਹਨ। ਸੇਲਵਾ ਕੁਮਾਰ ਉਰਫ਼ ਸੇਲਵਾ ਸਿੰਘ (27), ਵਿਰੁਧੁਨਗਰ ਤੋਂ ਕੋਰਕਾਈ ਪਲਾਨੀਸਾਮੀ ਸਿੰਘ (36), ਅਤੇ ਕੰਨਿਆਕੁਮਾਰੀ ਤੋਂ ਰਾਜਨ ਸਿੰਘ (60)।

ਟੇਨਕਸੀ ਤੋਂ ਸੀਤਾ ਕੌਰ (52), ਰਾਮਨਾਥਪੁਰਮ ਤੋਂ ਮਨੀਵਾਸਗਮ ਸਿੰਘ (46) ਹਨ। ਥੂਥੂਕੁਡੀ ਤੋਂ ਅਸੀਰੀਅਰ ਸ਼ਨਮੁਗਸੁੰਦਰਮ ਸਿੰਘ (37) ਅਤੇ ਮਦੁਰਾਈ ਹਲਕੇ ਤੋਂ ਨਾਗਾ ਵੰਸਾ ਪੰਡੀਅਨ ਸਿੰਘ (30)। ਤਿਰੂਨੇਲਵੇਲੀ ਦੇ ਉਮੀਦਵਾਰ ਨੂੰ 'ਸੱਤ ਕਿਰਨਾਂ ਵਾਲਾ ਪੈੱਨ ਨਿਬ' ਚਿੰਨ੍ਹ ਦਿੱਤਾ ਗਿਆ ਹੈ, ਬਾਕੀਆਂ ਦਾ 'ਹੀਰਾ' ਚਿੰਨ੍ਹ ਹੈ।

ਇਨ੍ਹਾਂ ਦੇ ਮੁਖੀ ਸਰਦਾਰ ਜੀਵਨ ਸਿੰਘ (ਐਡਵੋਕੇਟ, ਭਾਰਤੀ ਸੁਪਰੀਮ ਕੋਰਟ) ਥੂਥੂਕੁਡੀ ਨਾਲ ਸਬੰਧਤ ਹਨ। ਉਨ੍ਹਾਂ ਦਾ ਮਕਸਦ ਸਿੱਖ ਧਰਮ ਦੇ ਜ਼ਰੀਏ ਜ਼ਮੀਨੀ ਪੱਧਰ 'ਤੇ ਸਮਾਜ ਵਿੱਚ ਤਬਦੀਲੀ ਲਿਆਉਣਾ ਹੈ। ਉਨ੍ਹਾਂ ਕਿਹਾ ਕਿ "ਜੇ ਦਲਿਤਾਂ ਨੇ ਦਲਿਤ ਨਹੀਂ ਰਹਿਣਾ ਤਾਂ ਸਿੱਖ ਧਰਮ ਅਪਨਾਉਣ"। ਇਹੀ ਮੁਕਤੀ ਦਾ ਧਰਮ ਹੈ। ਉਹ ਪਹਿਲਾਂ ਬੁਧ ਧਰਮ ਵਿੱਚ ਵਿਸ਼ਵਾਸ ਰੱਖਦੇ ਸਨ। ਪਰ ਜਿਸ ਤਰ੍ਹਾਂ ਸਿੱਖ ਧਰਮ ਵਿੱਚ ਜਾਤ-ਪਾਤ ਦੀ ਕੋਈ ਥਾਂ ਨਹੀਂ ਉਸ ਤੋਂ ਪ੍ਰਭਾਵਿਤ ਹੋ ਕੇ ਉਹ ਸਿੱਖ ਸੱਜੇ ਅਤੇ 2019 ਵਿੱਚ ਬਹੁਜਨ ਦ੍ਰਾਵਿੜ ਪਾਰਟੀ ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦਾ ਮੁੱਢਲਾ ਸਿਧਾਂਤ ਗੁਰੂ ਗਰੰਥ ਸਾਹਿਬ ਦੇ ਹੁਕਮ ਅਨੁਸਾਰ "ਬੇਗਮਪੁਰਾ" ਰਾਜ ਦੀ ਸਥਾਪਨਾ ਕਰਨਾ ਹੈ, ਜਿਸਦਾ ਪੰਜਾਬੀ ਵਿੱਚ ਅਰਥ ਹੈ "ਵਿਤਕਰੇ ਤੋਂ ਮੁਕਤ ਆਜ਼ਾਦ ਰਾਜ"। ਉਨ੍ਹਾਂ ਕਿਹਾ ਕਿ ਅਸੀਂ ਐਸਸੀ/ਐਸਟੀ, ਓਬੀਸੀ, ਅਤੇ ਧਾਰਮਿਕ ਘੱਟ ਗਿਣਤੀਆਂ ਦੇ ਵਿਕਾਸ ਲਈ ਕੰਮ ਕਰਾਂਗੇ ਜੋ ਭਾਰਤ ਦੀ 95% ਆਬਾਦੀ ਹਨ।

## ਸਾਨੂੰ ਇਨ੍ਹਾਂ ਤੇ ਮਾਣ ਹੈ

**Sikh boy gets '*Bal Shakti Puraskar*'**

Young Onkar Singh from Jammu published his first book, "*When the Time Stops",* about Theories of Time. He has created 57 websites, mostly related to books, writing, and publishing online content. His name has been listed as World's Youngest Theoretical Author, and the World's youngest Webmaster (male) certification from World Record Certification Limited, London. He was honored by the SGPC, Amritsar, for his achievements. He now plans to write in Punjabi a book on Sikh History, and another on Guru Tegh Bahadur's life (titled "Shield of India") and will dedicate it to the Guru's 500th Prakash Purb next year."



**ਕੈਨੇਡੀਅਨ ਜੂਨੋ ਐਵਾਰਡ ਜੇਤੂ**



ਕਰਨ ਔਜਲਾ ਇਹ ਐਵਾਰਡ ਜਿੱਤਣ ਵਾਲਾ ਪਹਿਲਾ ਪੰਜਾਬੀ ਹੈ। 'ਟਿੱਕ-ਟੌਕ ਜੂਨੋ ਫੈਨ ਚੁਆਇਸ' ਐਵਾਰਡ ਲਈ ਗਾਇਕ ਸ਼ੁਭ ਨੂੰ ਵੀ ਮੁਕਾਬਲੇ ਵਿਚ ਸ਼ਾਮਲ ਕੀਤਾ ਗਿਆ ਸੀ। ਕਰਨ ਨੇ ਕਿਹਾ: "ਪੰਜਾਬੀ ਸੰਗੀਤ ਦੁਨੀਆ ਦੇ ਸੰਗੀਤ ਦਾ ਭਵਿੱਖ" ਹੈ। 'ਚਿੱਠੀਆਂ', 'ਚਿੱਟਾ ਕੁੜਤਾ' ਅਤੇ 'ਅੱਡੀ ਸੁੰਨੀ' ਵਰਗੇ ਗੀਤ ਗਾ ਕੇ ਉਸਨੇ ਬੁਲੰਦੀਆਂ ਛੋਹੀਆਂ ਹਨ। ਯੂ ਟਿਊਬ ਤੇ ਪਿਛਲੇ ਸਾਲ ਔਜਲਾ ਦੇ ਦੋ ਸਿੰਗਲ ਟਰੈਕ, "52 ਬਾਰਜ" ਅਤੇ "ਟੇਕ ਇਟ ਈਜ਼ੀ" ਕੈਨੇਡਾ ਵਿੱਚ ਸਭ ਤੋਂ ਵੱਧ ਦੇਖੇ ਗਏ। ਔਜਲਾ ਕੈਨੇਡਾ ਵਿਚ ਰਹਿ ਰਿਹਾ ਹੈ ਪਰ ਉਸ ਨੇ ਦੁਬਈ ਜਾ ਕੇ ਰਹਿਣ ਦਾ ਮਨ ਬਣਾਇਆ ਹੈ।

## ਔਰਤਾਂ ਲਈ ਬਿਹਤਰੀਨ ਖਾਣੇ

ਡਾ. ਸਰਦਾਰਨੀ ਹਰਸ਼ਿੰਦਰ ਕੌਰ, ਐੱਮ.ਡੀ., ਪਟਿਆਲਾ-ਪੰਜਾਬ (ਭਾਰਤ)
0175-2216783



ਔਰਤ ਅਤੇ ਮਰਦ ਦੇ ਵਖਰੇ ਹਾਰਮੋਨ ਅਤੇ ਹੋਰ ਅਨੇਕ ਕਾਰਣਾਂ ਕਰ ਕੇ ਕੁਝ ਕਿਸਮਾਂ ਦੇ ਖਾਣੇ ਔਰਤਾਂ ਨੂੰ ਜ਼ਰੂਰ ਲੈਣੇ ਚਾਹੀਦੇ ਹਨ। ਹੱਡੀਆਂ ਨੂੰ ਛੇਤੀ ਖੁਰਨ ਤੋਂ ਬਚਾਉਣਾ, ਬੱਚੇ ਨੂੰ ਦੁੱਧ ਪਿਉਣਾਂ, ਛਾਤੀ ਦੇ ਕੈਂਸਰ ਤੋਂ ਬਚਾਓ ਆਦਿ ਲਈ ਇਹ ਖਾਣੇ ਹਨ :-

1. ਸੋਇਆਬੀਨ ਦੀਆਂ ਫਲੀਆਂ : ਹਾਰਮੋਨਾਂ ਦੀ ਤਬਦੀਲੀ ਦੌਰਾਨ ਈਸਟਰੋਜਨ ਵਰਗੇ ਕੁਦਰਤੀ ਤੱਤ ਫ਼ਾਇਦਾ ਦਿੰਦੇ ਹਨ। ਸੋਇਆਬੀਨ ਦੀਆਂ ਹਰੀਆਂ ਫਲੀਆਂ ਵਿਚ ਆਈਸੋਫਲੇਵੋਨ ਹੁੰਦੇ ਹਨ ਜੋ ਈਸਟਰੋਜਨ ਵਰਗਾ ਅਸਰ ਵਿਖਾਉਂਦੇ ਹਨ। ਇਨ੍ਹਾਂ ਵਿਚ ਫਾਈਬਰ ਵੀ ਕਾਫ਼ੀ ਹੁੰਦਾ ਹੈ।

2. ਕੇਲ ਪੱਤਾ : ਵਿਟਾਮਿਨ 'ਏ', 'ਡੀ', 'ਸੀ' ਤੇ 'ਕੇ' ਨਾਲ ਭਰੇ ਇਹ ਪੱਤੇ ਹੱਡੀਆਂ ਮਜ਼ਬੂਤ ਰਖਣ ਵਿਚ ਮਦਦ ਕਰਦੇ ਹਨ। ਵਿਟਾਮਿਨ 'ਏ' ਅਤੇ 'ਸੀ' ਦੀ ਰੋਜ਼ਾਨਾ ਲੋੜੀਂਦੀ ਮਾਤਰਾ ਦਾ 20 ਫੀਸਦੀ ਹਿੱਸਾ ਇਸ ਦੇ ਸਲਾਦ ਨਾਲ ਹੀ ਪੂਰਾ ਹੋ ਜਾਵੇਗਾ।

3. ਐਸਪੈਰਾਗਸ ਬੂਟੀ : ਵਿਟਾਮਿਨ 'ਕੇ' ਤੇ ਫੋਲੇਟ ਭਰਪੂਰ ਇਹ ਬੂਟੀ ਹੁਣ ਬੱਡੇ ਹੋਟਲਾਂ ਵਿਚ ਬਹੁਤ ਮਹਿੰਗੇ ਭਾਅ ਖਾਣ ਨੂੰ ਮਿਲਦੀ ਹੈ। ਰੀੜ੍ਹ ਦੀ ਹੱਡੀ ਦੇ ਜਮਾਂਦਰੂ ਨੁਕਸ ਰੋਕਣ ਲਈ ਇਸ ਵਿਚਲਾ ਫੋਲੇਟ ਤੇ ਵਿਟਾਮਿਨ 'ਕੇ' ਲਾਹੇਵੰਦ ਹੈ।

4. ਰਾਜਮਾਂਹ, ਸੋਇਆਬੀਨ ਤੇ ਰੌਂਗੀ : ਪ੍ਰੋਟੀਨ ਪੂਰੀ ਕਰਦ ਹਨ। ਅਣਗਿਣਤ ਔਰਤਾਂ ਪ੍ਰੋਟੀਨ ਦੀ ਕਮੀ ਨਾਲ ਜੂਝਦੀਆਂ ਸਤਮਾਹੇ ਬੱਚੇ ਪੈਦਾ ਕਰਕੇ ਜਹਾਨੋਂ ਕੂਚ ਕਰ ਜਾਂਦੀਆਂ ਹਨ। ਲਹੂ ਦੀ ਕਮੀ ਵੀ ਲਗਭਗ 80 ਫੀਸਦੀ ਔਰਤਾਂ ਵਿਚ ਹੈ ਜਿਸ ਸਦਕਾ ਮੰਦਬੁੱਧ ਬੱਚੇ ਪੈਦਾ ਹੁੰਦੇ ਹਨ। ਫਲ ਅਤੇ ਸਬਜ਼ੀਆਂ ਜ਼ਰੂਰ ਖਾਓ ਜਿਨ੍ਹਾਂ ਵਿਚਲਾ ਫਾਈਬਰ ਸ਼ੱਕਰ ਦੀ ਮਾਤਰਾ ਅਤੇ ਭਾਰ ਕਾਬੂ ਵਿਚ ਰਖਦਾ ਹੈ। ਅਮਰੀਕਾ ਵਿਚ ਔਰਤਾਂ ਦੇ ਦਿਲ ਦੇ ਰੋਗ ਮੌਤ ਦਾ ਪਹਿਲਾ ਕਾਰਣ ਹਨ।

5. ਚਕੋਧਰਾ : ਸਟਰੋਕ ਦੇ ਖ਼ਤਰੇ ਅਤੇ ਦਿਲ ਦੇ ਰੋਗਾਂ ਤੋਂ ਬਚਾਉਂਦਾ ਹੈ। ਸੰਤਰੇ ਤੋਂ ਚਕੋਧਰੇ ਵਿਚਾਂ ਘਟ ਮਿੱਠਾ ਹੁੰਦਾ ਹੈ।ਇਸ ਦੇ ਫਲੇਵੋਨਾਇਡ ਬੇਸ਼ਕੀਮਤੀ ਹਨ। ਕੁਝ ਦਵਾਈਆਂ ਨਾਲ ਚਕੋਧਰਾ ਨਹੀਂ ਖਾਧਾ ਜਾ ਸਕਦਾ। ਇਸ ਵਾਸਤੇ ਡਾਕਟਰੀ ਸਲਾਹ ਲੈ ਲੈਣੀ ਚਾਹੀਦੀ ਹੈ।

6. ਬਲੂਬੈਰੀ, ਸਟਰਾਅਬੈਰੀ ਅਤੇ ਚੈਰੀਆਂ : ਫਲੇਵੋਨਾਇਡ ਅਤੇ ਐਂਟੀਆਕਸੀਡੈਂਟ ਨਾਲ ਭਰਪੂਰ ਬੈਰੀਆਂ ਅਤੇ ਚੈਰੀਆਂ ਦਿਮਾਗ਼ ਨੂੰ ਸਤਰਕ ਰਖਦੀਆਂ ਹਨ। ਇਨ੍ਹਾਂ ਦਾ ਵਿਟਾਮਿਨ 'ਸੀ' ਚਮੜੀ ਤੇ ਛੇਤੀ ਝੁਰੜੀਆਂ ਨਹੀਂ ਪੈਣ ਦਿੰਦਾ। ਸੈੱਲਾਂ ਦੀ ਟੁਟ ਭੁਟ ਨੂੰ ਵੀ ਘਟਾਂਦਾ ਹੈ।

7. ਪਪੀਤਾ ਅਤੇ ਗਾਜਰ : ਬੀਟਾ ਕੈਰੋਟੀਨ ਅਤੇ ਲਾਈਕੋਪੀਨ ਨਾਲ ਭਰਪੂਰ ਇਹ ਬੱਚੇਦਾਨੀ ਅਤੇ ਛਾਤੀ ਦੇ ਕੈਂਸਰ ਨੂੰ ਰੋਕਣ ਵਿਚ ਮਦਦ ਕਰਦੇ ਹਨ। ਬੀਟਾ ਕੈਰੋਟੀਨ ਅਤੇ ਲਾਈਕੋਪੀਨ ਟਮਾਟਰ ਅਤੇ ਮਤੀਰੇ (ਹਦਵਾਣੇ) ਵਿਚ ਵੀ ਹੁੰਦਾ ਹੈ। ਸੋ ਉਹ ਵੀ ਰੈਗੂਲਰ ਵਰਤਣੇ ਚਾਹੀਦੇ ਹਨ। ਪਪੀਤੇ ਵਿਚਲੇ ਐਂਟੀਆਕਸੀਡੈਂਟ ਕੋਲੈਸਟਰੋਲ ਅਤੇ ਬਲੱਡ ਪ੍ਰੈੱਸ਼ਰ ਨੂੰ ਸਹੀ ਕਰਦੇ ਹਨ।

8. ਦਹੀਂ : ਤਾਜ਼ਾ ਜੰਮਿਆ ਸਪਰੇਟੇ ਦੁਧ ਦਾ ਦਹੀਂ ਜਿਸ ਵਿਚ ਮਿੱਠਾ ਜਾਂ ਲੂਣ ਨਾ ਪਾਇਆ ਹੋਵੇ, 40 ਵਰ੍ਹਿਆਂ ਦੀ ਉਮਰ ਤੋਂ ਬਾਅਦ ਸਿਰਫ਼ 8 ਔਂਸ ਨਾਲ ਹੀ ਰੋਜ਼ ਦੇ ਲੋੜੀਂਦੇ ਕੈਲਸ਼ੀਅਮ ਦਾ ਇੱਕ ਤਿਹਾਈ ਹਿੱਸਾ ਪੂਰਾ ਕਰ ਦਿੰਦਾ ਹੈ।

9. ਫਲੈਕਸ ਬੀਜ (ਅਲਸੀ) : ਫਾਈਬਰ ਅਤੇ ਲਿਗਨੈਨ ਜਿਹੜੇ ਈਸਟਰੋਜਨ ਵਾਂਗ ਅਸਰ ਵਿਖਾਉਂਦੇ ਹਨ, ਛਾਤੀ ਦੇ ਕੈਂਸਰ ਨੂੰ ਹੋਣ ਤੋਂ ਰੋਕਦੇ ਹਨ। ਇਸ ਵਿਚ ਲੋੜੀਂਦੇ ਓਮੇਗਾ-ਤਿੰਨ ਫੈਟੀ ਏਸਿਡ ਵੀ ਹਨ।

10. ਅਖਰੋਟ : ਵਿਚਲੇ ਵਧੀਆ ਫੈਟੀ ਏਸਿਡ ਕੈਂਸਰ ਰੋਕਦੇ ਹਨ ਅਤੇ ਅੰਤੜੀਆਂ ਨੂੰ ਤੰਦਰੁਸਤ ਰਖ ਕੇ, ਸ਼ੱਕਰ ਰੋਗ ਅਤੇ ਬਲੱਡ ਪ੍ਰੈੱਸ਼ਰ ਕਾਬੂ ਵਿਚ ਰਖਦੇ ਹਨ। ਰੋਜ਼ 4-5 ਅਖਰੋਟ ਜ਼ਰੂਰ ਖਾਣੇ ਚਾਹੀਦੇ ਹਨ ਤੇ ਏਨੇ ਹੀ ਬਦਾਮ ਵੀ।

11. ਸਾਰਡੀਨ ਮੱਛੀ : ਵਿਟਾਮਿਨ 'ਡੀ', ਕੈਲਸ਼ੀਅਮ, ਓਮੇਗਾ-ਤਿੰਨ ਫੈਟੀ ਏਸਿਡ ਨਾਲ ਭਰੀ ਮੱਛੀ ਦੁਧ ਪਿਆਉਂਦੀਆਂ ਮਾਵਾਂ ਅਤੇ ਗਰਭਵਤੀ ਮਾਵਾਂ ਲਈ ਵੀ ਚੰਗੀ ਹੈ।

12. ਐਵੋਕੈਡੋ : ਚਮੜੀ ਅਤੇ ਅੱਖਾਂ ਲਈ ਵਧੀਆ ਹੈ, ਮਾੜਾ ਕੋਲੈਸਟਰੋਲ ਘਟਾ ਕੇ ਚੰਗਾ ਕੋਲੈਸਟਰੋਲ ਵਧਾਂਦਾ ਹੈ। ਇਸ ਨੂੰ ਚਟਨੀ ਵਿਚ ਅਤੇ ਸਲਾਦ ਵਿਚ ਵੀ ਖਾਧਾ ਕਾ ਸਕਦਾ ਹੈ।

13. ਬਕਰੇ ਦਾ ਜਿਗਰ : ਇਸ ਵਿਚ ਪਾਲਕ ਤੋਂ ਵਧ ਫੋਲੇਟ, ਭਰੂਣ ਲਈ ਬਹੁਤ ਚੰਗਾ ਹੁੰਦਾ ਹੈ।

14. ਪਾਲਕ : ਇਸ ਨੂੰ 'ਪਾਲਣਹਾਰ' ਕਿਹਾ ਜਾਂਦਾ ਹੈ। ਦਿਮਾਗ਼ ਨੂੰ ਤਰੋਤਾਜ਼ਾ ਰਖਣਾ, ਦਿਮਾਗ਼ ਦਾ ਸੁੰਗੜਨਾ ਰੋਕਣਾ, ਦਿਲ ਨੂੰ ਨਿਰੋਗ ਰਖਣਾ, ਅੰਤੜੀਆਂ ਦੇ ਕੈਂਸਰ ਤੋਂ ਬਚਾਉਣਾ, ਲਿਊਟੀਨ ਅਤੇ ਫੋਲੇਟ ਸਦਕਾ ਅੱਖਾਂ ਵਿਚਲੇ ਲੈਂਸ ਅਤੇ ਰੈਟੀਨਾ ਨੂੰ ਤੰਦਰੁਸਤ ਰਖਣਾ, ਚਮੜੀ ਦੀਆਂ ਝੁਰੜੀਆਂ ਪੈਣ ਤੋਂ ਰੋਕਣਾ ਆਦਿ ਪਾਲਕ ਦੇ ਗੁਣ ਹਨ।

## ਸਾਰ

ਘਰ ਵਿਚਲੀ ਇੱਕ ਔਰਤ ਪੜ੍ਹ ਜਾਵੇ ਤਾਂ ਸਾਰਾ ਟੱਬਰ ਹੀ ਪੜ੍ਹ ਜਾਂਦਾ ਹੈ। ਇੰਜ ਹੀ ਮਾਂ ਸਿਹਤਮੰਦ ਹੋਵੇ ਤਾਂ ਬੱਚਾ ਸਿਹਤਮੰਦ ਹੋਵੇਗਾ। ਇਸੇ ਲਈ ਹਰ ਬੇਟੀ ਦੀ ਸਿਹਤ ਦਾ ਖ਼ਿਆਲ ਰਖਣਾ ਬਹੁਤ ਜ਼ਰੂਰੀ ਹੈ ਜਿਸ ਵਾਸਤੇ ਸਹੀ ਖ਼ੁਰਾਕ ਖਾਣੀ ਲਾਜ਼ਮੀ ਹੈ। ਰੋਜ਼ਾਨਾ ਕਸਰਤ ਵੀ ਕਰਨੀ ਜ਼ਰੂਰੀ ਹੈ।




https://youtu.be/bcNLnORfMmU




Dr. Balraj Singh
Sartaj
Jaspreet Kaur
Aman Bir Dhami
Taranjeet Kaur Grewal
Karamjit Singh Noor
Parneet Kaur
Birinder/Tajinder Madan
Amitoj Kaur
Jagbir singh
Jasvinder Singh Rupal
SARABJEET KAUR
Prabhjot Singh
Prabhjot Singh

# 27 ਅਪਰੈਲ 2024 ਨੂੰ ਈ-ਦੀਵਾਨ ਕੈਲਗਰੀ ਵਲੋਂ ਕਰਵਾਏ ਗਏ ਕਵੀ ਦਰਬਾਰ ਦੀ ਰਿਪੋਰਟ

ਸਰਦਾਰ ਜਸਵਿੰਦਰ ਸਿੰਘ ਰੁਪਾਲ, ਕੈਲਗਰੀ (ਕੈਨੇਡਾ)

ਖਾਲਸਾ ਸਾਜਨਾ ਦਿਵਸ ਅਤੇ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਸ ਇੰਟਰਨੈਸ਼ਨਲ ਕਵੀ ਦਰਬਾਰ ਵਿੱਚ ਵੱਖ ਵੱਖ ਦੇਸ਼ਾਂ ਤੋਂ ਕਵੀ ਜਨਾਂ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ। ਪਹਿਲਾਂ ਸੋਸਾਇਟੀ ਦੇ ਸੰਸਥਾਪਕ ਡਾ. ਰਾਜਾ ਬਲਰਾਜ ਸਿੰਘ ਨੇ 'ਜੀ ਆਇਆਂ' ਆਖਦੇ ਹੋਏ ਕਵੀ ਦਰਬਾਰ ਦੇ ਮਕਸਦ ਤੇ ਚਾਨਣਾ ਪਾਇਆ।

ਪ੍ਰੋਗਰਾਮ ਦਾ ਆਰੰਭ ਅਮਿਤੋਜ ਕੌਰ ਅਤੇ ਅਨੁਰੀਤ ਕੌਰ ਦੇ ਸੁਣਾਏ ਸ਼ਬਦ - "ਮੋਕਉ ਤੂ ਨ ਬਿਸਾਰਿ ਤੂ ਨ ਬਿਸਾਰਿ ਰਾਮਈਆ" ਨਾਲ ਕੀਤਾ ਗਿਆ। ਫਿਰ ਪਰਨੀਤ ਕੌਰ, ਸਿਮਰਲੀਨ ਕੌਰ ਅਤੇ ਸ. ਪਰਮਜੀਤ ਸਿੰਘ ਟੋਰਾਂਟੋ ਨੇ "ਖਾਲਸੇ ਦੀ ਬਾਤ ਕੋਈ ਸੁਣਾ ਨੀ ਵਿਸਖੀਏ" ਸਾਜਾਂ ਨਾਲ ਗਾਇਆ। ਸਾਊਥ ਕੋਰੀਆ ਤੋਂ ਕਵੀ ਸ. ਅਮਨਬੀਰ ਸਿੰਘ ਧਾਮੀ ਨੇ "ਗੁਰੂਆਂ ਦੀ ਦਿੱਤੀ ਦਸਤਾਰ ਭੁੱਲ ਗਇਓਂ ਤੂੰ" ਸੁਣਾਉਂਦੇ ਹੋਏ ਸਿੱਖੀ ਸੰਭਾਲਣ ਦੀ ਪ੍ਰੇਰਨਾ ਦਿੱਤੀ। ਸਾਹਨੇਵਾਲ (ਭਾਰਤ) ਤੋਂ ਜੁੜੀ ਕਵਿੱਤਰੀ ਤਰਨਜੀਤ ਕੌਰ ਗਰੇਵਾਲ ਨੇ ਇਕ ਗੀਤ "ਨੀ ਇਹ ਮਰਦ ਅਗੰਮੜਾ ਨੀ ਸਈਓ ਦੁਨੀਆ ਦੇ ਦੁੱਖ ਜਰਦਾ" ਗਾ ਕੇ ਆਪਣੀ ਹਾਜਰੀ ਲਗਵਾਈ। ਜਸਪ੍ਰੀਤ ਕੌਰ ਨੋਇਡਾ ਨੇ ਗੁਰਦੀਸ਼ ਕੌਰ ਗਰੇਵਾਲ ਦਾ ਗੀਤ "ਉਸ ਪੰਥ ਸਜਾਇਆ ਏ, ਤੇਗਾਂ ਦੀਆਂ ਧਾਰਾਂ ਤੇ" ਸੁਣਾ ਕੇ ਖਾਲਸੇ ਦੀਆਂ ਖੂਬੀਆਂ ਦੱਸੀਆਂ। ਸਰਬਜੀਤ ਕੌਰ ਸਰਬ ਉੱਤਰਾਖੰਡ ਨੇ ਆਪਣੀ ਇੱਕ ਨਵੇਕਲੀ ਕਵਿਤਾ ਸੁਣਾਈ। ਉਸਤਾਦ ਕਵੀ ਇੰਜੀਨੀਅਰ ਸ. ਕਰਮਜੀਤ ਸਿੰਘ ਨੂਰ ਜਲੰਧਰ ਨੇ ਆਪਣੀ ਕਵਿਤਾ ਰਾਹੀਂ ਆਦਰਸ਼ਕ ਸਿੱਖੀ ਕਿਰਦਾਰ ਵਲ ਧਿਆਨ ਦਿਵਾਇਆ।

ਸਰੀ ਦੇ ਸ. ਪਲਵਿੰਦਰ ਸਿੰਘ ਰੰਧਾਵਾ ਨੇ "ਧੰਨ ਗੁਰੂ ਤੇਰਾ ਖਾਲਸਾ" ਗਾਇਆ। ਟੋਰਾਂਟੋ ਤੋਂ ਸ. ਸੁਜਾਨ ਸਿੰਘ ਸੁਜਾਨ ਨੇ ਗੀਤ "ਅਰਸ਼ਾਂ ਉੱਤੇ ਦੇਵਤਿਆਂ ਵੰਡੀ ਖ਼ੁਸ਼ਬੋਈ" ਗਾ ਕੇ ਗੁਰੂ ਤੇਗ ਬਹਾਦਰ ਜੀ ਨੂੰ ਯਾਦ ਕੀਤਾ। ਸ. ਸਾਧੂ ਸਿੰਘ ਝੱਜ ਸਿਆਟਲ ਨੇ "ਧੰਨ ਧੰਨ ਦਸ਼ਮੇਸ਼ ਪਿਤਾ ਜਿਨ੍ਹਾਂ ਖਾਲਸਾ ਪੰਥ ਸਜਾਇਆ" ਗੀਤ ਗਾਇਆ। ਕੈਲਗਰੀ ਦੇ ਸ. ਅਮਨਦੀਪ ਸਿੰਘ ਦੁਲੱਟ ਦੇ ਛੰਦ ਵਿਚ ਵਿਸਾਖੀ ਦੀ ਕਵਿਤਾ "ਚਿੜੀਆਂ ਤੋਂ ਕਈ ਅੱਜ ਬਾਜ ਹੋਣਗੇ" ਸੁਣਾਈ। ਸ. ਜਸਵਿੰਦਰ ਸਿੰਘ ਰੁਪਾਲ ਕੈਲਗਰੀ ਨੇ ਦੂਣਾ ਯਮਕਦਾਰ ਕੇਸਰੀ ਛੰਦ ਵਿਚ ਕਵਿਤਾ "ਸਿੱਖ ਤੋ ਗੁਰਾਂ ਨੇ ਐਸਾ ਸਿੰਘ ਘੜਿਆ, ਖਾਲਸਾ ਕਹਾਂਵਦਾ, ਜੱਗ ਤੋਂ ਨਿਆਰਾ ਏ" ਗਾ ਕੇ ਸੁਣਾਈ। ਕੈਲਗਰੀ ਤੋਂ ਹੀ ਛੰਦਾਬੰਦੀ ਦੇ ਕਵੀ ਸ. ਜਸਵੰਤ ਸਿੰਘ ਸੇਖੋਂ ਨੇ "ਸਿੱਖੋ ਮੈਨੂੰ ਸੀਸ ਚਾਹੀਦਾ, ਕੋਈ ਸੂਰਮਾ ਮੈਦਾਨ ਵਿੱਚ ਨਿੱਤਰੇ" ਗਾ ਕੇ ਸੁਣਾਇਆ। ਪਟਿਆਲੇ ਤੋਂ ਸ. ਅਮਨਦੀਪ ਸਿੰਘ ਅਜਨੌਦਾ ਨੇ ਕਵਿਤਾ "ਖਾਲਸਾ ਸਜਾ ਗਏ ਪਿਤਾ ਦਸ਼ਮੇਸ਼ ਜੀ" ਕੋਰੜਾ ਛੰਦ ਵਿਚ ਸੁਣਾਈ। ਸੰਚਾਲਕ ਗੁਰਦੀਸ਼ ਕੌਰ ਗਰੇਵਾਲ ਨੇ "ਤੇਗ ਬਹਾਦਰ ਸਿਮਰੀਐ" ਕਵਿਤਾ ਰਾਹੀਂ ਗੁਰੂ ਜੀ ਦੇ ਉਪਕਾਰਾਂ ਨੂੰ ਸਤਿਕਾਰ ਭੇਟ ਕੀਤਾ। ਸ. ਜਗਬੀਰ ਸਿੰਘ ਨੇ ਸਾਰੇ ਕਵੀਆਂ ਦਾ ਧੰਨਵਾਦ ਕੀਤਾ। ਡਾ. ਰਾਜਾ ਬਲਰਾਜ ਸਿੰਘ ਨੇ ਸਮਾਪਤੀ ਤੇ ਕਿਹਾ ਕਿ - ਕੋਈ ਵੀ ਦਿਵਸ ਮਨਾਇਆ ਤਦ ਹੀ ਸਫਲ ਹੈ, ਜੇ ਅਸੀਂ ਆਪਣੇ ਕਿਰਦਾਰ ਵਿੱਚ ਗੁਰਮਤਿ ਲੈ ਕੇ ਆਈਏ। ਬ੍ਰਿਜਮਿੰਦਰ ਕੌਰ ਜੈਪੁਰ ਨੇ ਅਨੰਦ ਸਾਹਿਬ ਦਾ ਪਾਠ ਕੀਤਾ। ਅਰਦਾਸ ਅਤੇ ਹੁਕਮਨਾਮੇ ਨਾਲ ਸਭਾ ਦੀ ਸਮਾਪਤੀ ਹੋਈ।

# ਭਾਈ ਮਰਦਾਨਾ ਜੀ

ਬੀਬੀ ਰੂਬੀਨਾ ਸਿੰਘ, ਕੈਲਗਰੀ ਯੂਨੀਵਰਸਿਟੀ (ਕੈਨੇਡਾ)

ਭਾਈ ਮਰਦਾਨਾ ਜੀ ਗੁਰੂ ਨਾਨਕ ਸਾਹਿਬ ਦੇ ਜੀਵਨ ਭਰ ਦੇ ਸਾਥੀ ਸਨ ਅਤੇ ਉਨ੍ਹਾਂ ਦੀਆਂ ਸਾਰੀਆਂ ਅਧਿਆਤਮਿਕ ਯਾਤਰਾਵਾਂ ਵਿੱਚ ਸ਼ਾਮਲ ਹੋਏ। ਭਾਈ ਮਰਦਾਨਾ 1459 ਵਿੱਚ ਰਾਏ ਭੋਏ ਦੀ ਤਲਵੰਡੀ ਦੇ ਇੱਕ ਮੁਸਲਿਮ 'ਮਿਰਾਸੀ' ਪਰਿਵਾਰ ਵਿੱਚ ਪੈਦਾ ਹੋਏ ਸਨ। ਉਮਰ ਵਿਚ ਉਹ ਗੁਰੂ ਜੀ ਤੋਂ 10 ਸਾਲ ਵੱਡੇ ਸਨ। ਇਹ ਲੋਕ ਆਪਣੀ ਗਾਉਣ ਦੀ ਵਿਲੱਖਣ ਕਲਾ ਕਰਕੇ ਹਰ ਸਮੇਂ ਦੇ ਵਿਰਸੇ ਦੇ ਰਖਵਾਲੇ ਸਮਝੇ ਜਾਂਦੇ ਹਨ।

ਬਚਪਨ ਵਿਚ ਮਰਦਾਨੇ ਦਾ ਨਾਮ "ਦਾਨਾ" ਸੀ। ਗੁਰੂ ਜੀ ਨੇ ਉਸਦਾ ਨਾਮ "ਮਰਦਾਨਾ" (ਯੋਧਾ) ਰੱਖਿਆ ਸੀ। ਕੁਛ ਲੋਕਾਂ ਦਾ ਖਿਆਲ ਹੈ ਕਿ ਮਰਦਾਨੇ ਦੇ ਮਾਤਾ ਜੀ ਕਈ ਵਾਰ ਉਸ ਨੂੰ "ਮਰਜਾਣਾ" ਕਹਿ ਦਿੰਦੇ ਸੀ, ਪਰ ਗੁਰੂ ਜੀ ਨੇ ਇਸ ਨੂੰ "ਮਰਦਾਨਾ" (ਮਰਦਾ ਨਾ) ਕਹਿ ਕੇ ਅਮਰ ਕਰ ਦਿੱਤਾ। ਗੁਰੂ ਜੀ ਨੇ ਬਚਪਨ ਵਿਚ ਮਰਦਾਨੇ ਨੂੰ ਕਾਨੇ ਤੋਂ ਬਣਿਆ ਇੱਕ ਸਾਜ਼ ਦਿੱਤਾ ਸੀ। ਇਸ ਤੋਂ ਬਾਅਦ ਮਰਦਾਨਾ ਜੀ ਸਦਾ ਉਨ੍ਹਾਂ ਦੇ ਨਾਲ ਰਹੇ।

ਬੇਬੇ ਨਾਨਕੀ ਜੀ ਨੇ ਇਨ੍ਹਾਂ ਨੂੰ ਪਹਿਲੀ ਰਬਾਬ ਦਿੱਤੀ ਸੀ। ਮਰਦਾਨਾ ਜੀ ਰਬਾਬ ਵਜਾਉਂਦੇ ਅਤੇ ਗੁਰੂ ਨਾਨਕ ਜੀ ਵਾਹਿਗੁਰੂ ਦਾ ਜੱਸ ਕਰਦੇ। ਮਰਦਾਨਾ ਜੀ ਸਿੱਖੀ ਦੇ ਪਹਿਲੇ ਕੀਰਤਨੀਏ ਬਣ ਗਏ।ਭਾਈ ਗੁਰਦਾਸ ਜੀ ਲਿਖਦੇ ਹਨ : "ਏਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ। ਸਨ 1534 ਵਿਚ ਭਾਈ ਮਰਦਾਨਾ ਨੇ ਕਰਤਾਰਪੁਰ ਵਿਖੇ ਆਖਰੀ ਸਾਹ ਲਿਆ। ਭਾਈ ਮਰਦਾਨਾ ਜੀ ਸੰਸਾਰਿਕ ਲੋਕਾਂ ਦੇ ਪ੍ਰਤੀਕ ਹਨ ਜਿਨ੍ਹਾਂ ਦੀਆਂ ਕਈ ਪਦਾਰਥਕ ਇੱਛਾਵਾਂ ਹਨ।

ਗੁਰੂ ਨਾਨਕ ਸਾਹਿਬ ਨੇ ਮਨੁੱਖ ਦੀਆਂ ਪਦਾਰਥਕ ਲੋੜਾਂ ਨੂੰ ਸਮਝਦਿਆਂ ਹੋਇਆਂ ਉਸ ਨੂੰ ਅੱਧਿਆਤਮਕ ਜ਼ਰੂਰਤਾਂ ਦਾ ਗਿਆਨ ਵੀ ਬਾਣੀ ਦੇ ਰੂਪ ਵਿਚ ਦਿੱਤਾ। ਭਾਈ ਮਰਦਾਨਾ ਜੀ ਦੇ ਹੇਠ ਲਿਖੇ ਤਿੰਨ ਸ਼ਬਦ (ਰਾਗ ਬਿਹਾਗੜਾ ਵਿਚ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਕੀਤੇ ਗਏ ਹਨ।

ਸਲੋਕ ਮਰਦਾਨਾ 1॥ ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰ॥ ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰ॥ ਮਜਲਸ ਕੂੜੇ ਲਬ ਕੀ ਪੀ ਪੀ ਹੋਏ ਖੁਆਰੁ॥ ਕਰਣੀ ਲਾਹਣਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ॥ ਗੁਣ ਮੰਡੇ ਕਰਿ ਸੀਲੁ ਘਿਉ ਸਰਮੁ ਮਾਸੁ ਆਹਾਰੁ॥ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰ॥1॥ ਮਰਦਾਨਾ 1॥ ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ॥ ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲੁ॥ ਇਤੁ ਮਦਿ ਪੀਤੈ ਨਾਨਕਾ ਬਹੁਤ ਖਟੀਅਹਿ ਬਿਕਾਰ॥ ਗਿਆਨੁ ਗੁੜੁ ਸਾਲਾਹ ਮੰਡੇ ਭਉ ਮਾਸੁ ਆਹਾਰ॥ ਨਾਨਕ ਇਹੁ ਭੋਜਨੁ ਸਚੁ ਹੈ ਸਚੁ ਨਾਮੁ ਆਧਾਰੁ ॥2॥ ਕਾਂਯਾਂ ਲਾਹਣਿ ਆਪੁ ਮਦੁ ਅਮ੍ਰਿਤ ਤਿਸ ਕੀ ਧਾਰ॥ ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅਮ੍ਰਿਤ ਭਰ ਪੀ ਪੀ ਕਟਹਿ ਬਿਕਾਰ॥3॥ ਪਉੜੀ॥ ਆਪੇ ਸੁਰਿ ਨਰ ਗਣ ਗੰਧਰਬਾ ਆਪੇ ਖਟ ਦਰਸਨ ਕੀ ਬਾਣੀ॥ ਆਪੇ ਸਿਵ ਸੰਕਰ ਮਹੇਸਾ ਆਪੇ ਗੁਰਮੁਖਿ ਅਕਥ ਕਹਾਣੀ॥ਆਪੇ ਜੋਗੀ ਆਪੇ ਭੋਗੀ ਆਪੇ ਸੰਨਿਆਸੀ ਫਿਰੈ ਬਿਬਾਣੀ॥ਆਪੈ ਨਾਲ ਗੋਸਟਿ ਆਪਿ ਉਪਦੇਸੈ ਆਪੇ ਸੁਘੜੁ ਸਰੂਪੁ ਸਿਆਣੀ॥ ਆਪਣਾ ਚੋਜੁ ਕਰਿ ਵੇਖੈ ਆਪੇ ਆਪੇ ਆਪੇ ਸਭਨਾ ਜੀਆ ਕਾ ਹੈ ਜਾਣੀ॥

# ਮਿਥਿਆ ਤਨ ਨਹੀ ਪਰਉਪਕਾਰਾ – ਭਾਗ 2
## (ਹੱਡ-ਬੀਤੀਆਂ)

ਡਾ. ਸਰਦਾਰ ਬਲਦੇਵ ਸਿੰਘ, ਐਡਮਿੰਟਨ (ਕੈਨੇਡਾ)

ਇਹ ਘਟਨਾ ਬਹੁਤ ਚਿਰ ਪਹਿਲਾਂ ਦੀ ਹੈ। ਮੈਂ 28 ਕੁ ਸਾਲਾਂ ਦਾ ਸੀ ਤੇ ਮੇਰੇ ਵਿਆਹ ਹੋਏ ਨੂੰ ਮਸਾਂ ਸਾਲ ਕੁ ਹੋਇਆ ਸੀ। ਸਮੇਤ ਮਾਪਿਆਂ ਛੋਟੇ ਜਿਹੇ ਕਸਬੇ 'ਚ ਰਹਿੰਦੇ ਸੀ।

ਫੱਗਣ ਮਹੀਨੇ ਦੇ ਇੱਕ ਐਤਵਾਰ ਦਾ ਦਿਨ। ਮੇਰਾ ਵੱਡਾ ਭਰਾ, ਜੋ ਪਰਿਵਾਰ ਸਮੇਤ ਲੁਧਿਆਣੇ ਰਹਿੰਦਾ ਸੀ ਤੇ ਸੈਂਟਰ ਸਰਕਾਰ ਵਿੱਚ ਇੰਜੀਨੀਅਰ ਸੀ, ਮਿਲਣ ਆਇਆ ਹੋਇਆ ਸੀ। ਉਸ ਵੇਲੇ ਉਹ ਮਮਦੋਟ (ਜ਼ਿਲਾ ਫਿਰੋਜ਼ਪੁਰ) ਸਰਹੱਦ ਤੇ ਸੁਰੱਖਿਆ ਵਾੜ ਬਨਵਾਉਣ ਦਾ ਇੰਚਾਰਜ ਸੀ। ਹਰ ਐਤਵਾਰ ਦੁਖ ਸੁਖ ਸਾਂਝਾ ਕਰਨ ਆ ਜਾਇਆ ਕਰਦਾ ਸੀ। ਸ਼ਹਿਰੋਂ ਸਾਡਾ ਕਸਬਾ 20 ਕੁ ਕਿਲੋਮੀਟਰ ਦੀ ਵਿੱਥ ਤੇ ਸੀ ਤੇ ਮੇਰਾ ਭਰਾ ਸਕੂਟਰ ਤੇ ਹੀ ਆਇਆ ਕਰਦਾ ਸੀ।

ਮੇਰੇ ਕੋਲ ਸਕੂਟਰ ਨਹੀਂ ਸੀ। ਪੜ੍ਹਨ ਵੇਲੇ ਤੇ ਬਾਅਦ ਵਿੱਚ ਨੌਕਰੀ ਕਰਦਿਆਂ ਮੈਂ ਲੁਧਿਆਣੇ ਯੂਨੀਵਰਸਟੀ ਬਸ ਤੇ ਜਾਂਦਾ ਸੀ। ਇਸ ਤੋਂ ਪਹਿਲਾਂ BSc ਕਰਦਿਆਂ ਚਾਰ ਸਾਲ ਤਾਂ ਮੈਂ ਪਿੰਡੋਂ 12-13 ਕਿਲੋਮੀਟਰ ਦੂਰ ਜਗਰਾਉਂ ਕਾਲਜ ਸਾਈਕਲ ਤੇ ਜਾਂਦਾ ਰਿਹਾ ਸੀ।

ਖੈਰ, ਗੱਲ ਤਾਂ ਮੈਂ ਉਸ ਦਿਨ ਦੀ ਕਰ ਰਿਹਾ ਸੀ ਜਿਦਨ ਮੇਰਾ ਭਰਾ ਮਿਲਣ ਆਇਆ ਹੋਇਆ ਸੀ। ਮੈਨੂੰ ਸਕੂਟਰ ਚਲਾਉਣ ਦਾ ਸ਼ੌਕ ਸੀ। ਭਰਾ ਨੇ ਮਿਲਣ ਆਉਣਾ ਤਾਂ ਮੈਂ ਉਹਦਾ ਸਕੂਟਰ ਲੈ ਕੇ ਨੇੜੇ ਤੇੜੇ ਗੇੜਾ ਲਾਉਣ ਚਲੇ ਜਾਣਾ।

ਅੱਜ ਵੀ ਜਦੋਂ ਭਰਾ ਤੇ ਪਿਤਾ ਜੀ ਕੋਸੀ ਕੋਸੀ ਧੁੱਪੇ ਬੈਠੇ ਗੱਲਾਂ ਕਰਨ 'ਚ ਮਗਨ ਸਨ, ਤੇ ਬੀਜੀ ਤੇ ਭੈਣਾਂ ਰਸੋਈ 'ਚ ਰੁਝੀਆਂ ਹੋਈਆਂ ਸਨ, ਮੈਂ ਸਾਰਿਆਂ ਤੋਂ ਅੱਖ ਬਚਾ ਕੇ ਸਕੂਟਰ ਰੇਹੜ ਕੇ ਘਰੋਂ ਬਾਹਰ ਲੈ ਗਿਆ ਕਿ ਅਜ ਲੰਮਾ ਗੇੜਾ ਲਾਉਣੈ। ਮੈਂ ਕੇਸੀ ਨਹਾ ਕੇ ਹਟਿਆ ਸੀ ਤੇ ਖੁਲੇ ਕੇਸਾਂ ਨਾਲ ਹੀ ਨਿਕਲ ਗਿਆ।

ਸਾਡੇ ਘਰ ਦੇ ਨੇੜਿਓਂ ਇੱਕ ਕੱਚਾ ਰਾਹ ਖੇਤਾਂ ਵਿੱਚ ਦੀ ਹੁੰਦਾ ਫਿਰੋਜ਼ਪੁਰ ਰੋਡ ਤੋਂ ਨਾਲ ਦੇ ਪਿੰਡ ਨੂੰ ਜਾਂਦੀ ਪੱਕੀ ਸੜਕ ਨਾਲ ਜਾ ਰਲਦਾ ਸੀ। ਢਾਈ ਤਿੰਨ ਕਿਲੋਮੀਟਰ ਦੀ ਵਿੱਥ ਹੋਣੀ ਐ। ਮੈਂ ਸਕੂਟਰ ਓਸ ਕੱਚੇ ਰੇਤੀਲੇ ਉਬੜ-ਖਾਬੜ ਰਾਹ ਤੇ ਪਾ ਲਿਆ ਤੇ ਹੌਲੀ ਹੌਲੀ ਚਲਾ ਕੇ ਡਿਗਣ ਤੋਂ ਬਚਦਾ ਪੱਕੀ ਸੜਕ ਤਕ ਪਹੁੰਚ ਗਿਆ। ਹਵਾ ਵਿੱਚ ਉਡਦੇ ਮੇਰੇ ਲੰਬੇ ਕੇਸਾਂ ਨੇ ਥੋੜੀ ਮੁਸ਼ਕਿਲ ਜ਼ਰੂਰ ਖੜੀ ਕੀਤੀ।

ਪੱਕੀ ਸੜਕ ਤੇ ਅਜੇ ਥੋੜਾ ਹੀ ਚਲਿਆ ਸੀ ਕਿ ਅਚਾਨਕ ਸਕੂਟਰ ਸੜਕ ਤੇ ਪਈ ਕਿਸੇ ਚੀਜ਼ ਨਾਲ ਟਕਰਾਇਆ ਤੇ ਬੁਰੀ ਤਰਾਂਹ ਤਿਲਕ ਗਿਆ। ਸਕੂਟਰ ਇਕ ਪਾਸੇ ਡਿੱਗਾ ਤੇ ਸਿਸਕੀਆਂ ਲੈ ਕੇ ਛੇਤੀ ਬੰਦ ਹੋ ਗਿਆ। ਪੈਟਰੋਲ ਵੀ ਲੀਕ ਕਰਨ ਲਗ ਗਿਆ। ਮੈਂ ਉਸ ਵੇਲੇ ਪੱਗ ਤਾਂ ਬੰਨੀ ਨਹੀਂ ਸੀ ਹੋਈ। ਸਕੂਟਰ ਤਿਲਕਿਆ ਤਾਂ ਮੇਰੇ ਮੱਥੇ ਦਾ ਸੱਜਾ ਪਾਸਾ ਪੱਕੀ ਸੜਕ ਤੇ ਜ਼ੋਰ ਦੀ ਵੱਜਿਆ। ਉਥੇ ਵਡਾ ਪਾੜ ਪੈ ਗਿਆ ਤੇ ਲਹੂ ਦਾ ਪਰਨਾਲਾ ਫੁੱਟ ਪਿਆ। ਕੁਝ ਲਹੂ ਮੇਰੀਆਂ ਅੱਖਾਂ ਵਿੱਚ ਵੀ ਵੜ ਗਿਆ।

ਮੂੰਹ, ਗੋਡਿਆਂ ਤੇ ਮੋਢਿਆਂ ਤੇ ਵੀ ਕਾਫੀ ਸੱਟਾਂ ਲਗ ਗਈਆਂ। ਮੈਂ ਉਠਣ ਦੀ ਕੋਸ਼ਿਸ਼ ਕਰ ਹੀ ਰਿਹਾ ਸੀ ਕਿ ਇਕ ਸਰਦਾਰ, ਜਿਸ ਨੇ ਸਧਾਰਨ ਕੱਪੜੇ ਪਾਏ ਹੋਏ ਸਨ, ਛੋਟੀ ਖੁੱਲੀ ਦਾਹੜੀ ਸੀ, ਤੇ ਉਮਰ 'ਚ ਮੈਥੋਂ ਥੋੜਾ ਵੱਡਾ ਹੋਵੇਗਾ, ਕਾਹਲੀ ਕਾਹਲੀ ਮੇਰੇ ਕੋਲ ਆਇਆ ਤੇ ਮੈਨੂੰ ਬਾਹੋਂ ਫੜ ਕੇ ਖੜਾ ਹੋਣ ਵਿੱਚ ਮਦਦ ਕਰਨ ਲੱਗਾ। ਨਾਲ ਹੀ ਪੁੱਛਿਆ ਕਿ ਕੀ ਮੈਂ ਠੀਕ ਸਾਂ। ਮੈਂ ਬਹੁਤ

ਘਬਰਾ ਗਿਆ ਸੀ। ਮੱਥੇ 'ਚੋਂ ਖੂਨ ਲਗਾਤਾਰ ਵਹਿ ਰਿਹਾ ਸੀ ਤੇ ਅੱਖਾਂ ਮੂੰਹ ਤੋਂ ਹੁੰਦਾ ਕੱਪੜਿਆਂ ਉਤੇ ਤੇ ਕੁਛ ਹੇਠਾਂ ਸੜਕ ਤੇ ਡੁੱਲ ਰਿਹਾ ਸੀ। ਪੀੜ ਵੀ ਅੰਤਾਂ ਦੀ ਹੋ ਰਹੀ ਸੀ। ਮੈਂ ਕੁਛ ਬੋਲ ਨਾ ਸਕਿਆ।

ਨਿਗਾਹ ਮਾਰ ਕੇ ਦੇਖਿਆ, ਨੇੜੇ ਹੀ ਸੜਕ ਦੇ ਕੰਢੇ ਇਕ ਸਾਈਕਲ ਖੜੀ ਸੀ ਤੇ ਨਾਲ ਇਕ ਜਵਾਨ ਔਰਤ ਖਲੋਤੀ ਹੋਈ ਸੀ। ਸਾਈਕਲ ਦੇ ਹੈਂਡਲ ਨਾਲ ਝੋਲੇ ਲਟਕ ਰਹੇ ਸਨ। ਇੱਕ ਟੁਟੀ ਹੋਈ ਇੱਟ ਸੜਕ ਤੇ ਪਈ ਸੀ ਜਿਸ ਨਾਲ ਟਕਰਾ ਕੇ ਮੇਰਾ ਸਕੂਟਰ ਤਿਲਕ ਗਿਆ ਸੀ। ਸਰਦਾਰ ਨੇ ਦੱਸਿਆ ਕਿ ਉਹ ਔਰਤ ਉਸ ਦੀ ਪਤਨੀ ਸੀ ਅਤੇ ਉਹ ਮੰਡੀਓਂ ਸੌਦਾ ਲੈ ਕੇ ਮੁੜ ਰਹੇ ਸਨ। ਉਨਾਂ ਨੇ ਮੇਰਾ ਐਕਸੀਡੈਂਟ ਹੁੰਦਾ ਦੇਖਿਆ ਸੀ।

ਮੈਨੂੰ ਫਿਕਰ ਹੋ ਰਿਹਾ ਸੀ ਕਿ ਖੂਨ ਬਹੁਤ ਨਿਕਲ ਰਿਹਾ ਹੈ, ਕਿਤੇ ਬੇਹੋਸ਼ ਹੋ ਗਿਆ ਤਾਂ ਕੀ ਬਣੇਗਾ। ਢਾਈ ਤਿੰਨ ਕਿਲੋਮੀਟਰ ਦੂਰ ਘਰ ਕਿਵੇਂ ਪਹੁੰਚਾਂਗਾ। ਕੋਈ ਸਾਧਨ ਘਰ ਦਿਆਂ ਨੂੰ ਇਤਲਾਹ ਕਰਨ ਦਾ ਹੈ ਨਹੀਂ ਸੀ। ਤਦੇ ਸਰਦਾਰ ਨੇ ਪੁੱਛਿਆ ਕਿ ਮੇਰਾ ਘਰ ਕਿੱਥੇ ਸੀ। ਮੈਂ ਦੱਸਿਆ ਤਾਂ ਬਿਨਾਂ ਕਿਸੇ ਦੇਰੀ ਬਿਨਾਂ ਕਿਸੇ ਝਿਜਕ ਕਹਿਣ ਲਗਾ ਕਿ ਵੀਰ ਤੂੰ ਘਬਰਾ ਨਾ। ਮੈਂ ਤੈਨੂੰ ਸਾਈਕਲ ਪਿੱਛੇ ਬਿਠਾ ਕੇ ਤੇਰੇ ਘਰ ਛੱਡ ਦਿਨਾਂ ਹਾਂ, ਜਾਂ ਕਿਸੇ ਡਾਕਟਰ ਕੋਲ ਲੈ ਜਾਂਦਾ ਹਾਂ। ਮੈਂ ਦੱਸਿਆ ਕਿ ਮੇਰੇ ਪਿਤਾ ਡਾਕਟਰ ਹਨ ਤੇ ਇਸ ਵੇਲੇ ਘਰ ਹੀ ਹਨ। ਇਸ ਲਈ ਜਾਣਾ ਤਾਂ ਘਰੇ ਹੀ ਹੈ। ਮੈਂ ਪੁੱਛਿਆ ਕਿ ਤੁਸੀਂ ਆਪਣੀ ਪਤਨੀ ਨੂੰ ਇਥੇ ਕੱਲੀ ਛਡ ਕੇ ਕਿਵੇਂ ਜਾਓਂਗੇ। ਕਹਿਣ ਲਗਾ ਕਿ ਕੋਈ ਗੱਲ ਨਹੀਂ। ਉਸਨੇ ਆਪਣੀ ਪਤਨੀ ਨੂੰ ਹੌਲੀ ਜਿਹੇ ਕੁਛ ਕਿਹਾ ਜੋ ਮੈਨੂੰ ਨਹੀਂ ਸੁਣਿਆ। ਸ਼ਾਇਦ ਪਤਨੀ ਨੂੰ ਉਥੇ ਹੀ ਠਹਿਰਣ ਲਈ ਕਿਹਾ ਹੋਣਾ ਤੇ ਉਸ ਭੈਣ ਨੇ ਕੋਈ ਉਜ਼ਰ ਨਹੀਂ ਕੀਤਾ ਕਿਉਂਕਿ ਮੈਂ ਉਨਾਂ ਵਿਚਕਾਰ ਕੋਈ ਵੀ ਬਹਿਸ ਵਗੈਰਾ ਨਹੀਂ ਦੇਖੀ ਸੁਣੀ। ਨਾਲ ਹੀ ਮੈਨੂੰ ਉਸਨੇ ਸਾਈਕਲ ਪਿੱਛੇ ਬਹਿਣ ਦਾ ਇਸ਼ਾਰਾ ਕੀਤਾ। ਮੈਂ ਡਿਗੇ ਸਕੂਟਰ ਨੂੰ ਓਦਾਂ ਹੀ ਸੜਕ ਤੇ ਛੱਡ ਕੈਰੀਅਰ ਤੇ ਬੈਠ ਗਿਆ ਤੇ ਉਹ ਵੀਰ ਕਾਹਲੀ ਕਾਹਲੀ ਪੈਡਲ ਮਾਰਦਾ ਮੈਨੂੰ ਪਹਿਲਾਂ ਸੜਕ ਤੇ ਫਿਰ ਕੱਚੇ ਮਿੱਟੀ ਭਰੇ ਰਸਤੇ ਤੇ ਮੇਰੇ ਘਰ ਵਲ ਲੈ ਤੁਰਿਆ।

ਮੈਂ ਮੱਥੇ ਨੂੰ ਹੱਥ ਨਾਲ ਘੁੱਟ ਕੇ ਦਬਾਇਆ ਹੋਇਆ ਸੀ ਕਿ ਖੂਨ ਵਗਣਾ ਘਟ ਜਾਵੇ, ਪਰ ਖੂਨ ਲਗਾਤਾਰ ਨਿਕਲੀ ਜਾ ਰਿਹਾ ਸੀ ਕਿਉਂਕਿ ਪਾੜ ਜ਼ਿਆਦਾ ਸੀ। ਮੇਰਾ ਚਿਹਰਾ ਖੂਨ ਨਾਲ ਲਥਪਥ ਸੀ ਤੇ ਕਮੀਜ਼ ਪਜਾਮਾ ਖੂਨ ਨਾਲ ਗੜੁੱਚ ਹੋ ਗਏ ਸਨ। ਮੈਂ ਲਗਾਤਾਰ ਵਾਹਿਗੁਰੂ ਵਾਹਿਗੁਰੂ ਕਹੀ ਜਾ ਰਿਹਾ ਸਾਂ। ਪਰ ਮੇਰੀਆਂ ਅੱਖਾਂ ਬੰਦ ਹੋ ਰਹੀਆਂ ਸਨ। ਕਈ ਵਾਰ ਸਾਈਕਲ ਤੋਂ ਡਿਗਦਾ ਡਿਗਦਾ ਬਚਿਆ। ਜ਼ਿਆਦਾ ਲਹੂ ਵਗਣ ਕਰਕੇ ਬੇਹੋਸ਼ੀ ਵਾਲੀ ਹਾਲਤ ਹੋ ਰਹੀ ਸੀ ਕਿਉਂਕਿ ਐਸੀ ਹਾਲਤ ਵਿੱਚ ਅਕਸਰ ਬਲੱਡ ਪ੍ਰੈਸ਼ਰ ਘਟ ਜਾਂਦਾ ਹੈ। ਉਹ ਵੀਰ ਲਗਾਤਾਰ ਮੈਨੂੰ ਹੌਸਲਾ ਦਿੰਦਾ ਰਿਹਾ ਕਿ ਬਸ ਪਹੁੰਚਣ ਹੀ ਵਾਲੇ ਹਾਂ, ਹੌਸਲਾ ਰੱਖੋ।

ਉਹ ਆਪਣਾ ਪੂਰਾ ਜ਼ੋਰ ਲਾ ਕੇ ਸਾਈਕਲ ਨੂੰ ਤੇਜ਼ ਤੋਂ ਤੇਜ਼ ਚਲਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਘਰ ਪਹੁੰਚ ਗਏ ਤਾਂ ਮੈਂ ਸਾਈਕਲ ਤੋਂ ਉਤਰ ਕੇ ਬਾਹਰਲਾ ਗੇਟ ਖੜਕਾਇਆ। ਮੇਰੀ ਪਤਨੀ ਨੇ ਗੇਟ ਖੋਲਿਆ ਤਾਂ ਮੇਰੀ ਹਾਲਤ ਦੇਖਕੇ ਉਸ ਦੀ ਚੀਕ ਜਿਹੀ ਨਿਕਲ ਗਈ। ਭਰਾ ਤੇ ਪਿਤਾ ਜੀ ਬੀਜੀ ਵੀ ਭੱਜੇ ਆਏ। ਸਾਰੇ ਮੈਨੂੰ ਅੰਦਰ ਲੈ ਗਏ ਤੇ ਸਾਂਭਣ 'ਚ ਲਗ ਗਏ । ਮੈਂ ਦੱਸਿਆ ਕਿ ਸਕੂਟਰ ਸਲਿੱਪ ਹੋ ਗਿਆ ਸੀ ਤੇ ਇੱਕਭਾਈ ਸਾਹਿਬ ਮੈਨੂੰ ਸਾਈਕਲ ਤੇ ਛੱਡਣ ਆਏ ਸਨ। ਭਾਪਾ ਜੀ ਉਸੇ ਵੇਲੇ ਬਾਹਰ ਨਿਕਲੇ ਪਰ ਦੇਖਿਆ ਉਹ ਭਾਈ ਸਾਹਿਬ ਪਹਿਲਾਂ ਹੀ ਸਾਈਕਲ ਚਲਾਉਂਦੇ ਦੂਰ ਜਾ ਚੁੱਕੇ ਸਨ। ਅੱਜ ਤਕ ਅਫਸੋਸ ਹੈ, ਨਾਂ ਤਾਂ ਮੈਂ ਉਸ ਵੀਰ ਦਾ ਨਾਮ ਪੁੱਛ ਸਕਿਆ, ਨਾਂ ਹੀ ਸ਼ੁਕਰੀਆ ਅਦਾ ਕਰ ਸਕਿਆ।

ਸੰਖੇਪ ਵਿੱਚ, ਡਾਕਟਰ ਪਿਤਾ ਨੇ ਮੇਰੇ ਜ਼ਖਮ ਸਾਫ ਕੀਤੇ, ਮੱਥੇ ਤੇ ਕਾਫੀ ਟਾਂਕੇ ਲੱਗੇ, ਗੋਡਿਆਂ ਮੋਢਿਆਂ ਕੂਹਣੀਆਂ ਤੇ ਪੱਟੀਆਂ ਬੰਨੀਆਂ, ਇਨਫੈਕਸ਼ਨ ਰੋਕਣ ਲਈ ਟੀਕੇ ਲਾਏ ਤੇ ਦਵਾਈਆਂ ਦਿੱਤੀਆਂ। ਮੈਂ ਲਗਪਗ 45 ਦਿਨ ਯੂਨੀਵਰਸਿਟੀ ਨਾਂ ਜਾ ਸਕਿਆ। ਮੇਰੀ ਵੱਡੀ ਭੈਣ ਨੇ, ਜੋ 'ਕ੍ਰਿਸਚੀਅਨ ਮੈਡੀਕਲ ਕਾਲਜ ਐਂਡ ਹਸਪਤਾਲ' ਲੁਧਿਆਣਾ ਵਿੱਚ ਪ੍ਰੋਫੈਸਰ ਆਫ ਨਰਸਿੰਗ ਅਤੇ ਨਰਸਿੰਗ ਸੁਪਰਡੈਂਟ ਸੀ, ਮਹੀਨਾ ਛੁੱਟੀ ਲੈ ਕੇ, ਅਤੇ ਆਪਣੇ ਛੋਟੇ ਛੋਟੇ ਬੱਚਿਆਂ ਨੂੰ ਆਪਣੇ ਪਤੀ ਦੀ ਦੇਖ-ਰੇਖ ਵਿੱਚ ਛੱਡ ਕੇ, ਸਾਡੇ ਕੋਲ ਰਹਿ ਕੇ ਮੇਰਾ ਇਲਾਜ ਕੀਤਾ। ਸੇਵਾ ਲਈ ਸਦਾ ਤਿਆਰ ਆਪਣੀ ਭੈਣ ਦਾ ਦੇਣਾ ਮੈਂ ਕਦੇ ਨਹੀਂ ਦੇ ਸਕਦਾ। ਮੱਥੇ ਦੇ ਜ਼ਖਮ ਦਾ ਦਾਗ, ਅਤੇ ਥੋੜਾ ਜਿਹਾ ਦਬਾਇਆਂ ਉਥੇ ਹੁੰਦੀ ਮਠੀ ਮਠੀ ਪੀੜ, ਮੈਨੂੰ ਉਸ ਮੰਦਭਾਗੀ ਘਟਨਾ ਦੀ ਯਾਦ ਤਾਜ਼ਾ ਕਰਵਾਉਂਦੇ ਰਹਿੰਦੇ ਹਨ।

ਉਸ ਪਰਉਪਕਾਰੀ ਵੀਰ ਦੀ ਨਿਸ਼ਕਾਮ ਸਹਾਇਤਾ ਲਈ ਮੈਂ ਉਸਦਾ ਸਦਾ ਦੇਣਦਾਰ ਰਵਾਂਗਾ। ਸੋਚਦਾ ਹਾਂ ਕਿ ਜੇ ਉਹ ਉਸ ਵੇਲੇ ਉਥੇ ਨਾ ਹੁੰਦਾ ਜਾਂ ਮੇਰੀ ਸਹਾਇਤਾ ਨਾ ਕਰਦਾ ਤਾਂ ਪਤਾ ਨਹੀਂ ਮੇਰੇ ਨਾਲ ਕੀ ਵਾਪਰਦੀ। ਦਿਲੋਂ ਧੰਨਵਾਦ ਉਸਦੀ ਪਤਨੀ ਦਾ ਵੀ ਜਿਸਨੇ ਆਪਣੇ ਪਤੀ ਨੂੰ ਮੇਰੀ ਸਹਾਇਤਾ ਕਰਨ ਤੋਂ ਉੱਕਾ ਨਹੀਂ ਵਰਜਿਆ ਅਤੇ ਐਨਾ ਚਿਰ ਸੜਕ ਤੇ ਇਕੱਲੀ ਖੜੇ ਰਹਿਣ ਵਿੱਚ ਕੋਈ ਝਿਜਕ ਨਾ ਦਿਖਾਈ। ਕੋਈ ਵਿਰਲਾ ਮਨੁਖਤਾ ਨੂੰ ਪਿਆਰ ਕਰਨ ਵਾਲਾ ਹੀ ਅਜਿਹੀ ਹਿੰਮਤ ਕਰਦਾ ਹੈ।

*ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ* ॥ (ਗੁਰੂ ਗ੍ਰੰਥ ਸਾਹਿਬ, ਅੰਗ 815)

ਧੰਨ ਹਨ, ਭਾਗਾਂ ਵਾਲੇ ਹਨ, ਐਸੇ ਵਿਅਕਤੀ ਜੋ ਆਪਣੇ ਸੁਖ ਦੁਖ, ਅਰਾਮ ਬੇਅਰਾਮੀ, ਕੰਮ ਕਾਜ, ਨਿੱਜੀ ਲੋੜਾਂ ਨੂੰ ਅੱਖੋਂ ਪਰੋਖੇ ਕਰ ਕੇ ਲੋੜਵੰਦਾਂ ਦੀ ਨਿਰਸਵਾਰਥ ਸੇਵਾ ਕਰਦੇ ਹਨ, ਦਿਖਾਵੇ ਤੇ ਹਉਮੇ ਤੋਂ ਦੂਰ ਰਹਿੰਦੇ ਧੰਨਵਾਦ ਤਕ ਦੀ ਵੀ ਤਵੱਕੋਂ (expectation) ਨਹੀਂ ਰੱਖਦੇ। ਉਹ ਦੇ ਕੇ ਖੁਸ਼ ਹੁੰਦੇ ਹਨ, ਲੈ ਕੇ ਨਹੀਂ। ਬੇਸ਼ੱਕ, ਇਹੀ ਰਾਹ ਹੈ ਅਸਲ ਸਿੱਖੀ ਦਾ, ਮਾਨਵਵਾਦ (humainsm) ਦਾ, ਜੀਵਨ-ਮੁਕਤੀ ਦਾ, ਅਧਿਆਤਮਕਤਾ ਅਤੇ ਪਾਰਬ੍ਰਹਮ ਦਾ। ਇਸ ਰਾਹ ਤੇ ਚਲਣ ਵਾਲੇ ਅਡੋਲ ਤੇ ਪਰਉਪਕਾਰੀ ਮਨੁੱਖ ਦਾ ਸੰਸਾਰ ਵਿੱਚ ਆਉਣਾ ਸਫ਼ਲ ਕਿਹਾ ਜਾ ਸਕਦਾ ਹੈ।

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥*
(ਗੁਰੂ ਗ੍ਰੰਥ ਸਾਹਿਬ, ਅੰਗ 749)

## ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ ਦੇ ਲੇਖ ਅਤੇ ਗੀਤ ਵਿਸ਼ਵ-ਪ੍ਰਸਿੱਧ ਹਨ। ਵਿਸ਼ਵ ਪੰਜਾਬੀ ਕਵੀ ਸਭਾ ਦੇ ਸਕੱਤਰ ਹਨ ਅਤੇ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੇ ਸਕੱਤਰ ਹਨ। ਸੱਤ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਸਰਕਾਰ ਤੋਂ ਦੋ ਵਾਰ, ਭਾਰਤ ਅਤੇ ਵਿਦੇਸ਼ਾਂ ਵਿੱਚ ਕਈ ਵਾਰ, ਅਤੇ 'ਦੇਸ ਪੰਜਾਬ ਟਾਈਮਜ਼', ਕੈਲਗਰੀ, ਤੋਂ 'ਭਾਈ ਵੀਰ ਸਿੰਘ ਜੀ' ਅਵਾਰਡ ਮਿਲੇ। (gurdish.grewal@gmail.com)

ਡਾ. ਕਾਬਲ ਸਿੰਘ, ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਕਈ ਮਹੱਤਵਪੂਰਣ ਵਿਭਾਗਾਂ ਦੇ ਮੁਖੀ, ਤਕਨੀਕੀ ਸਲਾਹਕਾਰ ਅਤੇ ਕਾਲਜਾਂ ਦੇ ਡੀਨ ਰਹੇ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਅਤੇ ਗੁਰਬਾਣੀ ਦੀ ਰੋਸ਼ਨੀ ਵਿੱਚ ਸਮਕਾਲੀ ਮਸਲਿਆਂ ਬਾਰੇ ਲਿਖਿਆ। (singhkabal285@gmail.com)

ਡਾ. ਬਲਦੇਵ ਸਿੰਘ, ਐਮ.ਐਸ.ਸੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਅਤੇ ਪੀ.ਐਚ.ਡੀ. ਯੂਨੀਵਰਸਿਟੀ ਆਫ ਅਲਬਰਟਾ ਤੋਂ ਹਾਸਲ ਕੀਤੀ। 20 ਸਾਲਾਂ ਤੋਂ ਵੱਧ ਸਮਾਂ ਮਿੱਟੀ, ਪਾਣੀ, ਫਸਲ ਅਤੇ ਵਾਤਾਵਰਣ ਪ੍ਰਬੰਧਨ ਦੇ ਪ੍ਰੋਫੈਸਰ ਰਹੇ। ਉਨ੍ਹਾਂ ਪੀ.ਐਚ.ਡੀ. ਲਈ "ਕੈਨੇਡੀਅਨ ਕਾਮਨਵੈਲਥ ਸਕਾਲਰਸ਼ਿਪ" ਪ੍ਰਾਪਤ ਕੀਤਾ। ਕੁਸ਼ਲ ਸਰੋਤ ਪ੍ਰਬੰਧਨ ਲਈ ਟੀਮ ਖੋਜ ਅਵਾਰਡ ਮਿਲਿਆ। ਉਹ ਅਲਬਰਟਾ ਯੂਨੀਵਰਸਿਟੀ, ਅਲਬਰਟਾ ਐਨਵਾਇਰਮੈਂਟ, ਅਤੇ ਕਈ ਕੰਪਨੀਆਂ ਨਾਲ ਸਲਾਹਕਾਰ ਵੀ ਰਹੇ ਹਨ। (baldev3@yahoo.com)

ਪ੍ਰੋਫੈਸਰ ਮਨਿੰਦਰ ਸਿੰਘ, ਐਮ.ਏ., ਗੁਰੂ ਨਾਨਕ ਕਾਲਜ ਧਨਬਾਦ ਵਿੱਚ ਲੈਕਚਰਾਰ ਰਹੇ। ਭਾਰਤ, ਮਲੇਸ਼ੀਆ, ਸਿੰਗਾਪੁਰ, ਕੈਨੇਡਾ ਵਿੱਚ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਸਿੱਖਿਆ ਦਿੱਤੀ, ਬੱਚਿਆਂ ਲਈ ਪੰਜਾਬੀ ਮੈਗਜ਼ੀਨ "ਜੋਤ ਤੇ ਜੁਗਤ" ਅਤੇ 4 ਕਿਤਾਬਾਂ ਦਾ ਸੰਪਾਦਨ ਕੀਤਾ। (http://www.mypanorama.ca)

ਸਰਦਾਰਨੀ ਡਾ. ਹਰਸ਼ਿੰਦਰ ਕੌਰ ਐੱਮ.ਡੀ., ਲੈਕਚਰ ਦੇ ਕੇ ਸਮਾਜ ਵਿਚ ਜਾਗਰੂਪਤਾ ਲਿਆ ਰਹੇ ਹਨ। ਅਨਾਥ 450 ਲੜਕੀਆਂ ਨੂੰ ਮੁਫਤ ਸਿੱਖਿਆ ਦੇ ਰਹੇ ਹਨ, 41 ਸਨਮਾਨਿਤ ਕਿਤਾਬਾਂ ਅਤੇ ਸੈਂਕੜੇ ਲੇਖ ਲਿਖੇ ਹਨ। ਚੋਟੀ ਦੀਆਂ ਭਾਰਤੀ ਮਹਿਲਾਵਾਂ ਵਿਚ ਰਾਸ਼ਟਰਪਤੀ ਤੋਂ ਸਨਮਾਨ ਮਿਲਿਆ। ਪੰਜਾਬ ਸਰਕਾਰ ਤੋਂ ਪੁਰਸਕਾਰ ਅਤੇ 'ਸਿੱਖ ਰੋਲ ਮਾਡਲ' ਸਨਮਾਨ ਮਿਲੇ। ਸੰਯੁਕਤ ਰਾਸ਼ਟਰ', 'ਵੂਮੈਨ ਰਾਈਟਸ ਐਕਟੀਵਿਸਟ', 'ਰੋਟਰੀ ਵੋਕੇਸ਼ਨਲ', ਅਤੇ ਕੈਨੇਡਾ ਤੇ ਕੈਲੀਫੋਰਨੀਆ ਦੀਆਂ ਸੰਸਦਾਂ ਤੋਂ ਕਈ ਅਵਾਰਡ ਪ੍ਰਾਪਤ ਕੀਤੇ ਹਨ।

ਸਰਦਾਰ ਕਰਮਜੀਤ ਸਿੰਘ ਨੂਰ 2008 ਵਿਚ (XEN-PSEB) ਰਿਟਾਇਰ ਹੋਏ। ਅੱਠ ਕਾਵਿ ਸੰਗ੍ਰਹਿ ਛਪੇ ਹਨ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ, ਦੇ ਮੀਤ ਪ੍ਰਧਾਨ ਤੇ ਸਕੱਤਰ ਸਨ। ਵਿਦੇਸ਼ਾਂ ਵਿਚ ਸਨਮਾਨ ਪ੍ਰਾਪਤ ਹੋਏ। ਦਿੱਲੀ ਵਿਖੇ ਸਪਤ-ਸ੍ਰਿੰਗ ਕਵੀ ਸਭਾ ਤੋਂ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਮਿਲਿਆ। ਰੇਡੀਓ ਅਤੇ ਦੂਰਦਰਸ਼ਨ ਜਲੰਧਰ ਵਲੋਂ ਕਵੀ ਦਰਬਾਰਾਂ ਦਾ ਸੰਚਾਲਨ ਕੀਤਾ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੀ ਪ੍ਰਧਾਨਗੀ ਕਰ ਰਹੇ ਹਨ। (ksnoor50@gmail.com)

ਰੁਬੀਨਾ ਸਿੰਘ ਕੈਲਗਰੀ ਯੂਨੀਵਰਸਿਟੀ ਵਿੱਚ ਬੀ.ਐਸ.ਸੀ. ਦੀ ਵਿਦਿਆਰਥਣ ਹੈ, ਮਾਨਸਿਕ ਸਿਹਤ 'ਤੇ AHS ਵਿਚ ਖੋਜਕਾਰ, "ਡਾਇਗਨੋਸਟਿਕਸ ਵਿੱਚ ਅਸਮਾਨਤਾਵਾਂ" ਦੀ ਵਾਈਸ ਪ੍ਰੈਜ਼ੀਡੈਂਟ ਤੇ ਔਰਤਾਂ ਦੀ ਸਿਹਤ ਦੀ ਜਾਂਚ ਵਿਚ ਕਮੀਆਂ ਦੇਖਦੀ ਹੈ। ਫੁੱਟਹਿਲਜ਼ ਮੈਡੀਕਲ ਸੈਂਟਰ ਵਿੱਚ ਵਲੰਟੀਅਰ ਵਜੋਂ 1000 ਸੇਵਾ ਕੀਤੀ। ਪ੍ਰੋਜੈਕਟ (COVID SPEAKS) ਰਾਹੀਂ ਭਾਈਚਾਰੇ ਦੀ ਅਗਵਾਈ ਕੀਤੀ।

ਪ੍ਰੋਫ਼ੈਸਰ (ਡਾ:) ਸੁਰਜੀਤ ਸਿੰਘ ਭੱਟੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਮੁਖੀ ਅਤੇ ਡੀਨ ਰਹੇ। (Blog: drssbhatti.ca), (Email: surjitsinghbhatti@gmail.com)

ਡਾ. ਗੁਰਸ਼ਰਨ ਸਿੰਘ ਸੋਹਲ, ਪੀਐਚ. ਡੀ. (ਰਾਜਨੀਤੀ ਵਿਗਿਆਨ), ਖੋਜ ਕਾਰਜ: ਭਾਰਤ ਵਿੱਚ ਖੇਤਰੀ ਰਾਜਨੀਤੀ, ਵਿਸ਼ੇਸ਼ ਸੰਦਰਭ: ਪੰਜਾਬ, ਕਾਵਿ-ਪੁਸਤਕ: "ਜੀਵਨ ਦੇ ਰੰਗ", ਸਰਕਾਰੀ ਅਧਿਆਪਕ, ਲੇਖਣ ਵਿਧਾ: ਕਵਿਤਾ ਅਤੇ ਵਾਰਤਕ।

ਪ੍ਰੋਫੈਸਰ (ਡਾ.) ਬਲਵਿੰਦਰ ਪਾਲ ਸਿੰਘ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਐਮ.ਏ (ਅਰਥ ਸ਼ਾਸਤਰ) ਅਤੇ ਪੰਜਾਬੀ), ਪੀਐਚ.ਡੀ. ਪਟਿਆਲੇ ਤੋਂ ਹਾਸਲ ਕੀਤੀ। ਖਾਲਸਾ ਕਾਲਜ, ਗੁਰੂਸਰ ਸਧਾਰ ਤੋਂ ਮੁਖੀ ਵਜੋਂ ਸੇਵਾਮੁਕਤ ਹੋਏ। ਦੋ ਪੁਸਤਕਾਂ ਪ੍ਰਕਾਸ਼ਿਤ ਅਤੇ 8 ਸੰਪਾਦਿਤ ਕੀਤੀਆਂ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ, ਦੁਆਰਾ ਪ੍ਰਕਾਸ਼ਿਤ 'ਸਾਡਾ ਵਿਰਸਾ ਸਾਡਾ ਗੌਰਵ' ਦੇ ਮੁੱਖ ਸੰਪਾਦਕ ਹਨ।

ਸਰਦਾਰ ਹਰਪ੍ਰੀਤ ਸਿੰਘ ਗਿੱਲ ਪਿਛਲੇ 20 ਸਾਲਾਂ ਤੋਂ ਮੈਰੀਲੈਂਡ (ਅਮਰੀਕਾ) ਵਿੱਚ ਕਾਰੋਬਾਰ ਕਰ ਰਹੇ ਹਨ। ਇਸ ਤੋਂ ਪਹਿਲਾਂ ਉਹ ਲੁਧਿਆਣਾ ਵਿੱਚ ਇੱਕ ਬੈਂਕ ਵਿੱਚ ਚੀਫ਼ ਮੈਨੇਜਰ ਵਜੋਂ ਕੰਮ ਕਰਦੇ ਸੀ। ਗਿੱਲ ਨੇ ਇਕ ਕਾਵਿ ਪੁਸਤਕ ਵੀ ਪ੍ਰਕਾਸ਼ਿਤ ਕੀਤੀ ਹੈ। (E-mail : Hgill26@gmial.com.)

## ਲੇਖਕਾਂ ਲਈ ਜ਼ਰੂਰੀ ਜਾਣਕਾਰੀ

1. ਮੈਗਜ਼ੀਨ ਦੀ ਨੀਤੀ: ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਵਿਰਾਸਤ ਸੰਬੰਧਤ ਨਿਰਪੱਖ, ਗੈਰ-ਸਿਆਸੀ, ਗੈਰ-ਨਿੱਜੀ ਲਿਖਤਾਂ, ਸਮੀਖਿਆ ਕਰਕੇ ਛਾਪਣਾ।
2. ਲੇਖਕਾਂ ਦੇ ਵਿਚਾਰਾਂ ਲਈ ਜ਼ਿਮੇਵਾਰੀ ਲੇਖਕਾਂ ਦੀ ਹੀ ਹੋਵੇਗੀ, ਸੰਪਾਦਕੀ ਬੋਰਡ ਦੀ ਨਹੀਂ।
3. ਲਿਖਤ "ਅਨਮੋਲ ਲਿਪੀ" ਵਿਚ ਜਾਂ Times New Roman (14 ਫੌਂਟ) ਵਿਚ ਹੋਵੇ।
4. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਨਾ ਭੇਜੋ ਜੀ।
5. ਸਿੰਗਲ (1.0) ਲਾਈਨ ਸਪੇਸਿੰਗ ਅਤੇ ਹਾਸ਼ੀਏ ਚਾਰੇ ਪਾਸੇ ਇੱਕ ਇੰਚ ਜਗ੍ਹਾ ਛੱਡੀ ਹੋਵੇ।
6. ਲੇਖਕ ਆਪਣਾ ਨਾਮ, ਸ਼ਹਿਰ, ਦੇਸ਼, ਫ਼ੋਨ, ਈ-ਮੇਲ, ਵੱਟਸਐਪ ਤੇ ਸੰਖੇਪ ਜਾਣਕਾਰੀ ਦੇਣ। ਚਾਹੋ ਤਾਂ ਫੋਟੋ ਵੀ ਭੇਜ ਸਕਦੇ ਹੋ।
7. ਕੁਲ ਲੰਬਾਈ (ਲੈਪਟਾਪ ਦੇ) ਦੋ ਪੰਨੇ ਜਾਂ 800 ਸ਼ਬਦ (ਫੋਟੋ ਲਈ ਸਪੇਸ ਸਮੇਤ) ਹੋਵੇ।
8. ਲੰਬੇ ਲੇਖ *sanjihivrasat.org* ਦੇ 'ਬਲ਼ੌਗ' (Blog) ਉਤੇ ਜਾਂ ਲੜੀਵਾਰ ਛਾਪੇ ਜਾਣਗੇ।
9. ਲੇਖਕਾਂ ਦੀ ਜ਼ਿਮੇਵਾਰੀ ਹੋਵੇਗੀ : ਦੇਖਣਾ ਕਿ '*Copyright Infringement'* ਨਾ ਹੋਵੇ।
10. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਜਰਨਲ ਦਾ ਅੰਕ / ਕਿਤਾਬ ਦਾ ਨਾਮ, ਸਾਲ ਤੇ ਪੰਨਾਂ ਨੰਬਰ ਦਿੱਤਾ ਗਿਆ ਹੋਵੇ। ਗੁਰਬਾਣੀ ਲਈ ਸਰੋਤ ਤੇ ਪੰਨਾਂ ਨੰਬਰ ਦਸਣਾ ਜ਼ਰੂਰੀ ਹੈ ਜੀ।

## Important Information for Authors

1. **Magazine Policy** :To Promote Punjabi Culture, History and Heritage. (Secular, Non-Political, Non-Personal Articles/Poems, after Review).
2. **Editorial Board** : Will not be responsible for views of Authors / Poets.
3. **Font size 14** : Panjabi-'Anmol Lipi' (English -Times New Roman)
4. **Spacing, margin** : Line-to-line 1.0, Margins One Inch on all four sides.
5. **Format -WORD** : No PDF, Photocopy, Print-screen, Snip, Office-Lens
6. **Author's Data** : Name, City (Country), A Brief (own) Introduction, Give Phone, E-mail, or WhatsApp. (photo optional).
7. **Maximum Length** : Two pages (Including Photo) of 800 Laptop words.
8. **Longer Articles** : On BLOG Website *(sanjhivirasat.org)* or serialized.
9. **Copy-Right** (CR) : Authors will ensure there is 'No CR' Infringement.
10. **References/Photos** : Source (Author, Title, Journal / Book, Year, Pages.

## ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

Editorial Board (*Sanjhi Virasat*)


| | |
|---|---|
| ਡਾ. ਸਰਦਾਰ ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| ਪ੍ਰੋਫ਼ੈਸਰ ਸਰਦਾਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਸਰਦਾਰ ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਸਰਦਾਰ ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| ਪ੍ਰਿੰਸੀਪਲ ਸਰਦਾਰਨੀ ਮਨਮੋਹਨ ਕੌਰ | ਦਿੱਲੀ (ਭਾਰਤ) |
| ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| ਡਾ. ਸਰਦਾਰ ਰਾਜਬੀਰ ਸਿੰਘ ਭੱਟੀ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |
| ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਲਾਹਕਾਰ) | ਕੈਲਗਰੀ (ਕੈਨੇਡਾ) |
| ਡਾ. ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) | ਕੈਲਗਰੀ (ਕੈਨੇਡਾ) |


## ਸਲਾਹਕਾਰ


| | |
|---|---|
| ਡਾ. ਸਰਦਾਰ ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| ਡਾ. ਸਰਦਾਰ ਦਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| ਡਾ. ਸਰਦਾਰ ਦਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| ਡਾ. ਸਰਦਾਰ ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| ਸਰਦਾਰਨੀ ਅਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| ਸਰਦਾਰ ਰਣਸ਼ੇਰ ਰਾਜ ਸਿੰਘ | ਕੈਲਗਰੀ (ਕੈਨੇਡਾ) |

## ਐਡੀਟੋਰੀਅਲ ਬੋਰਡ
(Editorial Board)




ਡਾ. ਰਾਜਾ ਬਲਰਾਜ ਸਿੰਘ



ਗੁਰਦੀਸ਼ ਕੌਰ ਗਰੇਵਾਲ



ਪ੍ਰੋਫ਼ੈਸਰ ਮਨਿੰਦਰ ਸਿੰਘ



ਡਾ. ਕਾਬਲ ਸਿੰਘ



ਡਾ. ਬਲਦੇਵ ਸਿੰਘ



ਸ੍ਰ. ਜਗਬੀਰ ਸਿੰਘ ਕੋਹਲੀ



ਸ੍ਰ. ਪਰਮਜੀਤ ਸਿੰਘ



ਪ੍ਰਿੰਸੀਪਲ ਮਨਮੋਹਨ ਕੌਰ



ਸ੍ਰ. ਉਂਕਾਰ ਸਿੰਘ ਟਿਵਾਣਾ



ਡਾ. ਰਾਜਬੀਰ ਸਿੰਘ ਭੱਟੀ



ਸ੍ਰ. ਯੁਵਰਾਜ ਸਿੰਘ



ਡਾ. ਸੁਰਜੀਤ ਸਿੰਘ ਭੱਟੀ

## ਸਲਾਹਕਾਰ ਬੋਰਡ









ਡਾ. ਕਾਲਾ ਸਿੰਘ


ਡਾ. ਡੀ. ਪੀ. ਸਿੰਘ

ਡਾ. ਜਗਜੀਤ ਸਿੰਘ

ਡਾ. ਦਵਿੰਦਰ ਸਿੰਘ ਸੇਖੋਂ



ਸ੍ਰ. ਕਰਮਜੀਤ ਸਿੰਘ ਨੂਰ



ਅਮ੍ਰਿਤਪਾਂਲ ਕੌਰ



ਰਿਸ਼ੀ ਨਾਗਰ



Ransher Raj Singh
(Technical Astt.)